Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction.
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 08-03-2025 • Vol.43 No.10 • Ph. : 0175-2214575, 90410-14575 • Page : 16 E-mail : khetiduniyan1983@gmail.com



# ਕਿਸਾਨ ਮੇਲੇ

11 ਮਾਰਚ — ਫਰੀਦਕੋਟ
13 ਮਾਰਚ — ਗੁਰਦਾਸਪੁਰ
18 ਮਾਰਚ — ਬਠਿੰਡਾ
25 ਮਾਰਚ — ਰੌਣੀ (ਪਟਿਆਲਾ)

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ
ਦੋ ਰੋਜ਼ਾ ਕਿਸਾਨ ਮੇਲਾ 21 ਅਤੇ 22 ਮਾਰਚ ਨੂੰ
ਖੇਤੀ ਦੁਨੀਆਂ ਦੇ
ਸਟਾਲ ਨੰ.207
'ਤੇ ਪਧਾਰੋ।

ਚੌ. ਚਰਣ ਸਿੰਘ ਹਰਿਆਣਾ
ਖੇਤੀਬਾੜੀ ਯੂਨੀਵਰਸਿਟੀ, ਹਿਸਾਰ
17-18 ਮਾਰਚ, 2025

# ਕਣਕ ਦੇ ਚੇਪੇ ਦੀ ਸੁਚੱਜੀ ਰੋਕਥਾਮ

**ਚੱਲ ਰਿਹਾ ਮੌਸਮ ਚੇਪੇ ਦੇ ਵੱਧਣ-ਫੁੱਲਣ ਲਈ ਢੁੱਕਵਾਂ ਹੈ। ਕਿਸਾਨ ਵੀਰ ਇਸਦੀ ਸਮੇਂ ਸਿਰ ਰੋਕਥਾਮ ਜ਼ਰੂਰ ਕਰਨ :**

★ ਇਸਦੇ ਬੱਚੇ ਅਤੇ ਬਾਲਗ ਦੋਵੇਂ ਹੀ ਕਣਕ ਦੇ ਪੱਤਿਆਂ ਅਤੇ ਸਿੱਟਿਆਂ ਵਿੱਚੋਂ ਰਸ ਚੂਸਦੇ ਹਨ। ਚੇਪੇ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ, ਸਿੱਟਿਆਂ ਵਿਚ ਦਾਣੇ ਬਰੀਕ ਰਹਿ ਜਾਂਦੇ ਹਨ, ਜਿਸ ਨਾਲ ਤੇ ਮਾੜਾ ਪ੍ਰਭਾਵ ਪੈਂਦਾ ਹੈ।

★ ਚੇਪੇ ਦੀ ਸੁਚੱਜੀ ਰੋਕਥਾਮ ਲਈ ਖੇਤ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਰੋਕਥਾਮ ਸੰਬੰਧੀ ਕੋਈ ਵੀ ਫੈਸਲਾ ਕਣਕ ਤੇ ਚੇਪੇ ਦੀ ਗਿਣਤੀ ਦੇ ਅਧਾਰ ਤੇ ਹੀ ਕਰਨਾ ਚਾਹੀਦਾ ਹੈ। ਚੇਪੇ ਦੀ ਰੋਕਥਾਮ ਲਈ ਛਿੜਕਾਅ ਸਿਰਫ ਉਸ ਵੇਲੇ ਕਰੋ ਜਦੋਂ ਚੇਪੇ ਦਾ ਹਮਲਾ ਸਿੱਟੇ ਉਪਰ ਅਤੇ ਆਰਥਿਕ ਕਗਾਰ (ਇਕਨੌਮਿਕ ਥਰੈਸ਼ਹੋਲਡ ਲੈਵਲ) ਤੇ ਹੋਵੇ।

★ ਆਰਥਿਕ ਕਗਾਰ ਵੇਖਣ ਲਈ ਇਕ ਏਕੜ ਖੇਤ ਨੂੰ ਚਾਰ ਹਿੱਸਿਆਂ ਵਿਚ ਵੰਡ ਲਓ ਅਤੇ ਹਰੇਕ ਹਿੱਸੇ ਵਿੱਚੋਂ ਦੂਰ-ਦੂਰ 10 ਸਿੱਟਿਆਂ ਤੋਂ ਚੇਪੇ ਦੀ ਗਿਣਤੀ ਕਰੋ। ਫਿਰ ਇਨ੍ਹਾਂ ਸਿੱਟਿਆਂ ਦੇ ਚੇਪੇ ਦੀ ਗਿਣਤੀ ਦੀ ਔਸਤ ਕੱਢ ਲਵੋ। ਜੇਕਰ ਚੇਪੇ ਦੀ ਗਿਣਤੀ ਘੱਟੋ-ਘੱਟ 5 ਚੇਪੇ ਜਾਂ ਇਸ ਤੋਂ ਵੱਧ ਹੋਵੇ ਤਾਂ ਕੀਟਨਾਸ਼ਕ ਦੀ ਵਰਤੋਂ ਕਰੋ।

★ ਇਸ ਦੀ ਰੋਕਥਾਮ ਲਈ 2 ਲੀਟਰ ਘਰ ਦਾ ਬਣਾਇਆ ਹੋਇਆ ਨਿੰਮ



ਦਾ ਘੋਲ ਹਫਤੇ-ਹਫਤੇ ਤੇ ਛਿੜਕੋ। ਘਰ ਬਣਾਏ ਨਿੰਮ ਦਾ ਘੋਲ ਤਿਆਰ ਕਰਨ



ਲਈ ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਕ ਛਿੜਕਾਅ ਕਰੋ।

★ ਨਿੰਮ ਦੇ ਘੋਲ ਤੋਂ ਇਲਾਵਾ 20 ਗ੍ਰਾਮ ਐਕਟਾਰਾ / ਤਾਈਓ (ਥਾਇਆਮੈਥੋਕਸਮ 25 ਡਬਲਯੂ ਜੀ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵੀ ਛਿੜਕਾਅ ਕੀਤਾ ਜਾ ਸਕਦਾ ਹੈ।

★ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ ਤੇ ਹੁੰਦਾ ਹੈ। ਇਸ ਲਈ ਛਿੜਕਾਅ ਸਿਰਫ ਹਮਲੇ ਵਾਲੇ ਤੇ ਹੀ ਕਰੋ ਤਾਂ ਕਿ ਚੇਪੇ ਦਾ ਹਮਲਾ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ।

ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ ਤਾਂ ਕਿ ਸਹੀ ਸਮੇਂ ਤੇ ਇਸ ਕੀੜੇ ਦੀ ਰੋਕਥਾਮ ਹੋ ਸਕੇ ਅਤੇ ਕਣਕ ਦਾ ਚੰਗਾ ਝਾੜ ਲਿਆ ਜਾਵੇ।

**ਸਿਮਰਨਜੀਤ ਕੌਰ ਅਤੇ ਗੁਰਮੇਲ ਸਿੰਘ ਸੰਧੂ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ**
ਮੋਬਾਇਲ : 7009573511



# ਭਿੰਡੀ ਦੀ ਸਫਲ ਕਾਸ਼ਤ ਲਈ ਫਸਲ ਪ੍ਰਬੰਧਨ

ਦਿਲਪ੍ਰੀਤ ਤਲਵਾੜ

ਭਿੰਡੀ ਗਰਮੀ ਅਤੇ ਬਰਸਾਤ ਰੁੱਤ ਦੀ ਅਹਿਮ ਫਸਲ ਹੈ। ਭਿੰਡੀ ਨੂੰ ਘਰੇਲੂ ਬਗੀਚੀ ਤੋਂ ਲੈ ਕੇ ਵਪਾਰਕ ਪੱਧਰ 'ਤੇ ਵੇਚਣ ਲਈ ਉਗਾਇਆ ਜਾਂਦਾ ਹੈ ਅਤੇ ਇਸ ਅਨੁਸਾਰ ਹੀ ਇਸ ਦਾ ਪ੍ਰਬੰਧਨ ਨਿਰਭਰ ਕਰਦਾ ਹੈ।

**ਜਲਵਾਯੂ, ਬਿਜਾਈ ਦਾ ਸਮਾਂ ਅਤੇ ਮਿੱਟੀ** : ਭਿੰਡੀ ਗਰਮ ਅਤੇ ਦਰਮਿਆਨੇ ਗਰਮ ਮੌਸਮ ਦੀ ਲੋੜ ਹੁੰਦੀ ਹੈ। ਇਕ ਨਰਮ ਫਸਲ ਹੋਣ ਕਾਰਨ ਇਹ ਠੰਡ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਹੁੰਦੀ। ਭਿੰਡੀ ਦੇ ਬੀਜ ਦੇ ਚੰਗੀ ਤਰ੍ਹਾਂ ਪੁੰਗਰਨ ਲਈ 29 ਡਿਗਰੀ



ਸੈਂਟੀਗ੍ਰੇਡ ਤਾਪਮਾਨ ਚਾਹੀਦਾ ਹੈ ਅਤੇ 20 ਡਿਗਰੀ ਸੈਂਟੀਗ੍ਰੇਡ ਤੋਂ ਹੇਠਾਂ ਤਾਪਮਾਨ ਪੁੰਗਰਣ ਲਈ ਢੁੱਕਵਾਂ ਨਹੀਂ ਹੁੰਦਾ। ਬਸੰਤ ਰੁੱਤ ਦੇ ਮੁਕਾਬਲੇ ਬਰਸਾਤਾਂ ਦੌਰਾਨ ਭਿੰਡੀ ਦੀ ਫਸਲ ਜ਼ਿਆਦਾ ਵੱਧਦੀ-ਫੁੱਲਦੀ ਹੈ।

ਪੰਜਾਬ 'ਚ ਭਿੰਡੀ ਦੀ ਕਾਸ਼ਤ ਮੱਧ ਫਰਵਰੀ ਤੋਂ ਸ਼ੁਰੂ ਹੋ ਕੇ ਮਾਰਚ ਮਹੀਨੇ ਤੱਕ ਹੁੰਦੀ ਹੈ, ਪਰ ਅੱਧ ਮਾਰਚ ਦਾ ਸਮਾਂ ਇਸ ਦੀ ਕਾਸ਼ਤ ਲਈ ਸਭ ਤੋਂ ਵੱਧ ਢੁੱਕਵਾਂ ਹੈ। ਬਰਸਾਤ ਦੀ ਫਸਲ ਲਈ ਭਿੰਡੀ ਦੀ ਕਾਸ਼ਤ ਜੂਨ ਦੀ ਆਖਰੀ ਤੋਂ ਲੈ ਕੇ ਜੁਲਾਈ ਦੇ ਸ਼ੁਰੂ 'ਚ ਕੀਤੀ ਜਾਂਦੀ ਹੈ। ਇਸ ਦੇ ਚੰਗੇ ਝਾੜ ਲਈ ਤਾਪਮਾਨ ਦੀ ਅਹਿਮ ਭੂਮਿਕਾ ਹੁੰਦੀ ਹੈ, ਕਿਉਕਿ ਬਹੁਤ ਜ਼ਿਆਦਾ ਤਾਪਮਾਨ ਨਾਲ ਫੁੱਲ ਡਿੱਗਣ ਦਾ ਖਤਰਾ ਰਹਿੰਦਾ ਹੈ ਜਿਸ ਨਾਲ ਝਾੜ ਘੱਟਦਾ ਹੈ। ਭਿੰਡੀ ਹਲਕੀ ਤੇਜ਼ਾਬੀ ਮਿੱਟੀ ਵੀ ਸਹਾਰ ਸਕਦੀ ਹੈ। ਜ਼ਮੀਨ ਤਿਆਰ ਕਰਨ ਲਈ ਖੇਤ ਨੂੰ 3-4 ਵਾਰ ਵਾਹ ਕੇ ਸੁਹਾਗੇ ਨਾਲ ਚੰਗੀ ਤਰ੍ਹਾਂ ਪੱਧਰਾ ਕਰ ਲੈਣਾ ਚਾਹੀਦਾ ਹੈ। ਬਿਜਾਈ ਦੀ ਵਿਧੀ ਅਤੇ ਸਿੰਚਾਈ ਸਹੂਲਤਾਂ ਦੇ ਅਨੁਸਾਰ ਖੇਤ 'ਚ ਵੱਟਾਂ ਪਾਉਣੀਆਂ ਚਾਹੀਦੀਆਂ ਹਨ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਅੱਧ ਫਰਵਰੀ ਦੀ ਬਿਜਾਈ ਵਾਸਤੇ 15-18 ਕਿਲੋ, ਮਾਰਚ ਦੀ ਬਿਜਾਈ ਵਾਸਤੇ 8-10 ਕਿਲੋ ਅਤੇ ਜੂਨ-ਜੁਲਾਈ ਵਾਸਤੇ 4-6 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪੈਂਦਾ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ 'ਚ ਭਿਉਂ ਕੇ ਰੱਖਣ ਨਾਲ ਬੀਜ ਤੇਜ਼ੀ ਨਾਲ ਪੁੰਗਰਦੇ ਹਨ। ਫਰਵਰੀ-ਮਾਰਚ 'ਚ ਬਿਜਾਈ ਵੱਟਾਂ ਤੇ ਅਤੇ ਜੂਨ-ਜੁਲਾਈ 'ਚ ਪੱਧਰ ਜ਼ਮੀਨ ਤੇ ਕਰਨੀ ਚਾਹੀਦੀ ਹੈ। ਆਮ ਤੌਰ 'ਤੇ ਕਤਾਰ ਦਾ ਫਾਸਲਾ 45 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 15 ਸੈਂਟੀਮੀਟਰ ਹੋਣਾ ਚਾਹੀਦਾ ਹੈ ਪਰ ਬਰਸਾਤ ਰੁੱਤ ਦੌਰਾਨ ਬੂਟਿਆਂ 'ਚ ਫਾਸਲਾ ਵਧਾਇਆ ਜਾ ਸਕਦਾ ਹੈ। ਬੀਜ ਨੂੰ 2.5 ਸੈਂਟੀ ਦੀ ਡੂੰਘਾਈ ਤੇ ਬੀਜਣਾ ਚਾਹੀਦਾ ਹੈ। ਪੀ.ਏ.ਯੂ. ਵਿਖੇ ਭਿੰਡੀ ਦਾ ਬੀਜ 300 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਮਿਲਦਾ ਹੈ।

**ਖਾਦਾਂ** : ਵਧੇਰੇ ਝਾੜ ਅਤੇ ਚੰਗੀ ਗੁਣਵੱਤਾ ਲਈ ਫਸਲ ਦੀ ਖੁਰਾਕ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਖੇਤ ਤਿਆਰ ਕਰਨ ਸਮੇਂ 15-20 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਰੂੜੀ ਖਾਦ ਖੇਤ 'ਚ ਰਲਾ ਲੈਣੀ ਚਾਹੀਦੀ ਹੈ। 18 ਕਿਲੋ ਨਾਈਟ੍ਰੋਜਨ (ਯੂਰੀਆ-40 ਕਿਲੋ/ਏਕੜ) ਬਿਜਾਈ ਸਮੇਂ ਅਤੇ ਬਾਕੀ 18 ਕਿਲੋ ਨਾਈਟ੍ਰੋਜਨ (ਯੂਰੀਆ-40 ਕਿਲੋ/ਏਕੜ) ਪਹਿਲੀ ਤੁੜਾਈ ਮਗਰੋਂ ਪਾਉਣੀ ਚਾਹੀਦੀ ਹੈ। ਮਿੱਟੀ ਪਰਖ ਦੇ ਅਧਾਰ 'ਤੇ ਮਿੱਟੀ ਦੀ ਕਿਸਮ ਅਨੁਸਾਰ ਖਾਦ ਦੀ ਮਿਕਦਾਰ



ਵੱਧ-ਘੱਟ ਕੀਤੀ ਜਾ ਸਕਦੀ ਹੈ।

**ਸਿੰਚਾਈ ਅਤੇ ਨਦੀਨਾਂ ਦੀ ਰੋਕਥਾਮ** : ਬਿਜਾਈ ਸਮੇਂ ਜ਼ਮੀਨ 'ਚ ਨਮੀ ਦੀ ਮਾਤਰਾ ਢੁੱਕਵੀਂ ਹੋਈ ਚਾਹੀਦੀ ਹੈ। ਪਹਿਲਾ ਪਾਣੀ ਬਿਜਾਈ ਦੇ 4-5 ਦਿਨਾਂ ਮਗਰੋਂ ਦੇਣਾ ਚਾਹੀਦਾ ਹੈ। ਬਹਾਰ ਰੁੱਤ 'ਚ ਬੀਜੀ ਫਸਲ ਨੂੰ ਪਾਣੀ 10--12 ਦਿਨਾਂ ਦੇ ਅੰਤਰਾਲ ਤੇ ਦੇਣਾ ਚਾਹੀਦਾ ਹੈ ਪਰ ਬਰਸਾਤ ਦੇ ਮੌਸਮ 'ਚ ਪਾਣੀ ਲੋੜ ਪੈਣ 'ਤੇ ਹੀ ਲਾਓ। ਨਦੀਨਾਂ ਤੋਂ ਛੁਟਕਾਰਾ ਮਿਲਦਾ ਹੈ, ਸਗੋਂ ਫਸਲ ਵੀ ਵਧੀਆ ਫਲਦੀ-ਫੁੱਲਦੀ ਹੈ। ਨਦੀਨਾਂ ਦੀ ਰੋਕਥਾਮ ਅਤੇ ਪਾਣੀ ਦੀ ਸੁਚੱਜੀ ਵਰਤੋਂ ਲਈ 24 ਕੁਇੰਟਲ/ਏਕੜ ਪਰਾਲੀ ਵਿਛਾਈ ਜਾ ਸਕਦੀ ਹੈ।

**ਤੁੜਾਈ, ਸਾਂਭ-ਸੰਭਾਲ ਅਤੇ ਮੰਡੀਕਰਨ** : ਭਿੰਡੀ ਦੀ ਫਸਲ ਮੌਸਮ ਅਤੇ ਕਿਸਮ ਮੁਤਾਬਕ 45-50 ਦਿਨਾਂ 'ਚ ਤੁੜਾਈਯੋਗ ਹੋ ਜਾਂਦੀ ਹੈ ਅਤੇ ਆਮ ਤੌਰ ਤੇ 10-12 ਤੁੜਾਈਆਂ ਹੋ ਜਾਂਦੀਆਂ ਹਨ। ਪਹਿਲੀ ਤੁੜਾਈ ਮਗਰੋਂ ਲਗਾਤਾਰ ਵਕਫੇ 'ਤੇ ਫਲਾਂ ਨੂੰ ਸਮੇਂ ਸਿਰ ਨਾ ਤੋੜਿਆ ਜਾਵੇ ਤਾਂ ਉਹ ਪੱਕ ਕੇ ਰੇਸ਼ੇਦਾਰ ਹੋ ਜਾਂਦੇ ਹਨ, ਜਿਸ ਨਾਲ ਇਹਨਾਂ ਦਾ ਸੁਆਦ ਖਰਾਬ ਹੋ ਜਾਂਦਾ ਹੈ।

## ਕੁਦਰਤੀ ਵਨਸਪਤੀ ਦੀਆਂ ਬਹੁਤੀਆਂ ਕਿਸਮਾਂ ਖਤਮ ਹੋ ਗਈਆਂ ਹਨ

# ਪੰਜਾਬ ਦੇ ਖੇਤਾਂ ਵਿੱਚੋਂ ਖਤਮ ਹੋ ਰਹੀ 'ਕੁਦਰਤੀ ਵਨਸਪਤੀ'

ਬ੍ਰਿਜ ਭਾਨ ਬੁਜਰਕ
ਮੋ. 98761-01698

ਹਰੀ ਕ੍ਰਾਂਤੀ/ਫ਼ਸਲਾਂ ਦਾ ਵੱਧ ਝਾੜ ਅਤੇ ਘੱਟ ਮਿਹਨਤ ਕਰਨ ਨਾਲ ਪੰਜਾਬ ਵਿੱਚੋਂ ਕੁਦਰਤੀ ਪੈਦਾਵਾਰ ਦਾ ਬਹੁਤ ਵੱਡਾ ਹਿੱਸਾ ਖਤਮ ਹੋ ਗਿਆ ਹੈ। ਜਿਸ ਨੂੰ ਕੀੜੇਮਾਰ ਜ਼ਹਿਰਾਂ/ਘਾਹ-ਫੂਸ ਮਾਰਨ ਵਾਲੀਆਂ ਦਵਾਈਆਂ, ਮਗਨਰੇਗਾ ਵਰਕਰਾਂ, ਟਿੱਬਿਆਂ ਨੂੰ ਪੱਧਰੇ ਕਰਨ ਤੋਂ ਬਿਨ੍ਹਾਂ ਬਹੁਤ ਕੁਝ ਅਜਿਹਾ ਤਰੱਕੀ ਦੇ ਨਾਂ 'ਤੇ ਕੀਤਾ ਗਿਆ, ਜਿਸ ਨਾਲ ਸੈਂਕੜੇ ਹੀ ਕੁਦਰਤੀ ਵਨਸਪਤੀ ਦੀਆਂ ਕਿਸਮਾਂ ਖਤਮ ਹੋ ਗਈਆਂ ਹਨ। ਜਿਨ੍ਹਾਂ ਦਾ ਗਾਹੇ-ਵਗਾਹੇ ਇਨਸਾਨ ਨੂੰ ਬਹੁਤ ਵੱਡਾ ਲਾਭ ਹੁੰਦਾ ਸੀ।

ਇਹ ਲਾਭ ਸਿੱਧੇ ਅਤੇ ਅਸਿੱਧੇ ਦੋਨੋਂ ਹੀ ਤਰ੍ਹਾਂ ਦੇ ਢੰਗਾਂ ਨਾਲ ਹੋ ਰਿਹਾ ਸੀ। ਰੇਤਲੀਆਂ/ਕੱਲਰ ਵਾਲੀਆਂ ਅਤੇ ਹੋਰ ਕਿਸਮ ਦੀਆਂ ਜ਼ਮੀਨਾਂ ਅੰਦਰ ਘਾਹ ਦੇ ਰੂਪ ਵਿੱਚ ਅਜਿਹੀਆਂ ਜੜ੍ਹੀਆਂ/ਬੂਟੀਆਂ ਦੀ ਪੈਦਾਵਾਰ ਹੁੰਦੀ ਸੀ, ਜਿਨ੍ਹਾਂ ਦੀ ਪੰਜਾਬ ਦੇ ਲੋਕ ਮੌਸਮ ਮੁਤਾਬਿਕ ਆਪਣੇ ਘਰਾਂ ਅੰਦਰ ਵਰਤੋਂ ਕਰਕੇ ਜਾਂ ਫਿਰ ਉਨ੍ਹਾਂ ਨੂੰ ਜਮ੍ਹਾਂ ਕਰਕੇ ਲੋੜ ਸਮੇਂ ਵਰਤਦੇ ਸਨ। ਇਸ ਤਰ੍ਹਾਂ ਦੀਆਂ ਕੁਦਰਤੀ ਰੂਪ ਵਿੱਚ ਉੱਗਦੀਆਂ ਵਨਸਪਤੀਆਂ ਨਾਲ ਪਿੰਡਾਂ ਵਾਲੇ ਲੋਕਾਂ ਦੀ ਸਿਹਤ ਤੰਦਰੁਸਤ ਰਹਿੰਦੀ ਸੀ। ਪੰਜਾਬ ਦੇ ਵੱਡੀ ਗਿਣਤੀ ਜ਼ਮੀਨੀ ਹਿੱਸੇ ਵਿੱਚੋਂ ਚਿੱਬੜਾਂ ਦੀਆਂ ਵੇਲ੍ਹਾਂ ਖਤਮ ਹੋ ਚੁੱਕੀਆਂ ਹਨ, ਕਿਉਕਿ ਝੋਨੇ ਦੀ ਕਾਸ਼ਤ ਕਰਨ ਅਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੇ ਚੱਕਰ ਵਿੱਚ ਟਿੱਬਿਆਂ ਵਾਲੀਆਂ ਜ਼ਮੀਨਾਂ ਖਤਮ ਹੋ ਚੁੱਕੀਆਂ ਹਨ।

ਭਾਵੇਂ ਹਰ ਤਰ੍ਹਾਂ ਦੇ ਫਲ ਬਾਜ਼ਾਰੀ ਰੂਪ ਵਿੱਚ ਮੌਜੂਦ ਹਨ, ਪਰ ਪਵਾਰੇ ਦੀਆਂ ਫਲੀਆਂ/ਚਿੱਬੜ ਆਦਿ ਦੀ ਘਾਟ ਸਮਝੀ ਜਾ ਰਹੀ ਹੈ। ਪਿੰਡਾਂ ਵਿੱਚ ਕਿਤੇ ਨਾ ਕਿਤੇ ਚਿੱਬੜ, ਗਵਾਰਾ ਫਲੀ ਅਤੇ ਬੇਰ ਆਦਿ ਮਿਲ ਜਾਂਦੇ ਹਨ, ਪਰ ਸ਼ਹਿਰਾਂ ਅੰਦਰ ਤਿਉਹਾਰਾਂ ਮੌਕੇ ਇਹ ਸਮਾਨ ਪੈਕਿੰਗ ਹੋ ਕੇ ਫਲਾਂ ਦੀਆਂ ਦੁਕਾਨਾਂ 'ਤੇ ਆ ਜਾਂਦਾ ਹੈ। ਜਿੱਥੋਂ 10 ਕੁ ਰੁਪਏ ਦੀ ਥੈਲੀ ਖਰੀਦ ਕੇ ਔਰਤਾਂ ਤਿਉਹਾਰਾਂ ਮੌਕੇ ਆਪਣੀ ਲੋੜ ਨੂੰ ਸਾਰਦੀਆਂ ਹਨ।

ਬਾਜ਼ਾਂ 'ਤੇ ਲੱਗਣ ਵਾਲੇ ਬਾੜੀ ਕਰੇਲਿਆਂ ਦੀਆਂ ਵੇਲ੍ਹਾਂ ਦੇ ਵੀ ਅਜਿਹੇ ਹਾਲਾਤ ਹਨ। ਹੁਣ ਪੰਜਾਬ ਦੇ ਬਹੁਤੇ ਹਿੱਸਿਆਂ ਅੰਦਰ ਝਾੜੀ ਕਰੇਲੇ ਰਾਜਸਥਾਨ / ਹਰਿਆਣਾ ਆਦਿ ਤੋਂ ਮੰਡੀਆਂ ਵਿੱਚ ਆ ਰਹੇ ਹਨ। ਜਿਹੜੇ ਬਾੜੀ ਕਰੇਲੇ ਕਿਸੇ ਵੇਲੇ ਪੰਜਾਬ ਦੇ ਟਿੱਬਿਆਂ ਵਿੱਚ ਲਹਿਰਾਂ / ਬਹਿਰਾਂ ਲਾਉਂਦੇ ਸਨ। ਹੁਣ ਉਹ ਦੂਸਰੇ ਰਾਜਾਂ ਵਿੱਚੋਂ ਆ ਕੇ ਪੰਜਾਬ ਦੀਆਂ ਸਬਜ਼ੀ ਮੰਡੀਆਂ ਵਿੱਚ ਦੋ ਸੌ ਰੁਪਏ ਪ੍ਰਤੀ ਕਿਲੋ ਤੱਕ ਵੀ ਵਿਕਦੇ ਹਨ।

ਇੱਕ ਹੋਰ ਵਨਸਪਤੀ ਕੌੜ ਤੂੰਬੇ ਦੀਆਂ ਵੇਲਾਂ ਵੀ ਬਹੁਤੀਆਂ ਥਾਂਵਾਂ ਤੋਂ ਵਿਕਾਸ ਦੇ ਨਾਂ 'ਤੇ ਖਤਮ ਹੋ ਚੁੱਕੀਆਂ ਹਨ। ਪਿੰਡਾਂ ਵਾਲੇ ਲੋਕਾਂ ਲਈ ਇਹ ਵਨਸਪਤੀ ਕਿਸੇ ਵੈਦ ਤੋਂ ਘੱਟ ਨਹੀਂ ਸੀ। ਜਿਹੜੀ ਗਰਮੀ ਦੇ ਮੌਸਮ ਵਿੱਚ ਆਮ ਹੀ ਰੇਤਲੀਆਂ ਜ਼ਮੀਨਾਂ ਵਿੱਚੋਂ ਮਿਲ ਜਾਂਦੀ ਸੀ ਅਤੇ ਸਾਡੇ ਪੁਰਾਣੇ ਬਜ਼ੁਰਗ ਕੌੜ ਤੂੰਬੇ ਨੂੰ ਕੱਟ ਕੇ ਲੂਣ ਆਦਿ ਪਾ ਕੇ ਸੁਕਾਉਣ ਤੋਂ ਬਾਅਦ ਇਸ ਦੀ ਅਜਿਹੀ ਫੱਕੀ ਬਣਾਉਂਦੇ ਸਨ ਕਿ ਇਨਸਾਨ ਤਾਂ ਕੀ, ਕਈ ਵਾਰ ਬੀਮਾਰ ਪਸ਼ੂ ਨੂੰ ਵੀ ਦੇ ਦਿੱਤੀ ਜਾਂਦੀ ਸੀ। ਹੁਣ ਵੀ ਬਹੁਤੇ ਪਰਿਵਾਰ ਕੌੜ ਤੂੰਬੇ (ਕਈ ਲੋਕ ਇਸ ਨੂੰ ਕੌੜ ਤੂੰਮਾ ਕਹਿੰਦੇ ਹਨ) ਦਾ ਅਚਾਰ ਆਦਿ ਬਣਾਉਣ ਲਈ ਰਾਜਸਥਾਨ ਵਿੱਚੋਂ ਮੰਗਵਾਉਂਦੇ ਹਨ ਜਾਂ ਫਿਰ ਕੌੜ ਤੂੰਬੇ ਵੇਚਣ ਆਏ ਲੋਕਾਂ ਕੋਲੋਂ ਖਰੀਦ ਲੈਂਦੇ ਹਨ। ਡਾਕਟਰੀ ਵਿਗਿਆਨ ਇਸ ਵਨਸਪਤੀ ਨੂੰ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਲਾਭਦਾਇਕ ਦੱਸ ਰਹੀ ਹੈ। ਜਿਥੇ ਕਿਤੇ ਕੌੜ ਤੂੰਬੇ ਦੀਆਂ ਵੇਲ੍ਹਾਂ ਦੇ ਅੰਸ਼ ਪਏ ਹਨ, ਉਥੇ ਇਹ ਵਨਸਪਤੀ ਆਪਣੇ ਸਮੇਂ ਮੁਤਾਬਕ ਖੁਦ ਹੀ ਉੱਗ ਪੈਂਦੀ ਹੈ।



ਜਖਮਾਂ ਨੂੰ ਧੋਣ ਅਤੇ ਬੰਨ੍ਹਣ ਵਾਲੀ ਬਨਸਪਤੀ ਅਸਰਗੰਦ / ਸਮਾਲੂ / ਅਮਰਵੇਲ / ਪੱਥਰ ਚੱਟ ਆਦਿ ਸਮੇਤ ਅਜਿਹੀਆਂ ਬੂਟੀਆਂ ਸਨ, ਜਿਨ੍ਹਾਂ ਦਾ ਸਰੀਰਕ ਜਖਮਾਂ ਨੂੰ ਬਹੁਤ ਲਾਭ ਹੁੰਦਾ ਸੀ। ਪਰ ਇਹ ਸਭ ਕੁਝ ਹੁਣ ਵਿਕਾਸ ਦੀ ਬਲੀ ਚੜ੍ਹ ਚੁੱਕਾ ਹੈ। ਛਮਕ ਨਮੋਲੀ, ਪਿਆਜ਼ੀ, ਕੰਡਿਆਈ ਆਦਿ ਸਮੇਤ ਬਹੁਤ ਵੱਡੀ ਗਿਣਤੀ ਵਿੱਚ ਕੁਦਰਤੀ ਵਨਸਪਤੀ ਖਤਮ ਹੋ ਚੁੱਕੀ ਹੈ। ਵਿਗਿਆਨਕਾਂ ਦੀਆਂ ਖੋਜਾਂ ਮੁਤਾਬਕ ਤਕਰੀਬਨ 118 ਕਿਸਮ ਦੀਆਂ ਵਨਸਪਤੀਆਂ ਆਲੋਪ ਹੋ ਚੁੱਕੀਆਂ ਹਨ। ਬਾਕੀ ਦੀਆਂ ਸੰਭਾਲ ਨਾ ਹੋਣ ਕਰਕੇ ਅਲੋਪ ਹੋਣ ਦੇ ਕਿਨਾਰੇ ਖੜ੍ਹੀਆਂ ਹਨ। ਪਸ਼ੂਆਂ ਦੇ ਹਰੇ ਚਾਰੇ ਵਜੋਂ ਵਰਤੇ ਜਾਂਦੇ ਵਨਸਪਤੀ ਦੇ ਪੌਦੇ ਪੱਖੜਾ, ਗੜਦੱਬ, ਡੀਲਾ ਕਈ ਤਰ੍ਹਾਂ ਦੀਆਂ ਵੇਲ੍ਹਾਂ ਖਤਮ ਹੋ ਕਿਨਾਰੇ ਹਨ। ਕਿਉਕਿ ਪਸ਼ੂਆਂ ਦੀਆਂ ਚਰਾਂਦਾਂ ਖਤਮ ਹੋਣ ਨਾਲ ਦੁੱਧ ਦਾ ਮਿਆਰ ਵੀ ਘਟਿਆ ਹੈ। ਕੁਝ ਕੁ ਕੁਦਰਤੀ ਵਨਸਪਤੀ ਹਰਿਆਣੇ ਅਤੇ ਰਾਜਸਥਾਨ ਨਾਲ ਲੱਗਦੇ ਪੰਜਾਬ ਦੇ ਖੇਤਾਂ ਵਿੱਚ ਵੇਖਣ ਨੂੰ ਮਿਲਦੀ ਹੈ, ਜਿਸ ਵਿੱਚ ਛਮਕ ਨਿਮੋਲੀ ਵੀ ਸ਼ਾਮਲ ਹੈ। ਪਰ ਪੰਜਾਬ ਦੇ ਵਿਚਕਾਰ ਵਾਲੇ ਹਿੱਸੇ ਵਿੱਚ ਇਹ ਸਭ ਕੁਝ ਖਤਮ ਹੋ ਚੁੱਕਾ ਹੈ। ਚਰਾਂਦਾਂ ਦੇ ਖਤਮ ਹੋਣ ਹੁਣ ਪਸ਼ੂ ਖੇਤਾਂ ਦੀ ਬਜਾਏ ਘਰਾਂ ਤੱਕ ਹੀ ਸੀਮਤ ਰਹਿ ਗਏ ਹਨ, ਜਿਸ ਕਰਕੇ ਤੋਰਾ-ਫੇਰੀ ਘਟਣ ਦੇ ਨਾਲ ਪੌਸ਼ਟਿਕ ਆਹਾਰ ਤੋਂ ਵੀ ਦੂਰ ਹੋ ਗਏ ਹਨ।

ਇੱਕ ਹੀ ਤਰ੍ਹਾਂ ਦਾ ਚਾਰਾ ਜਾਂ ਮੁੱਲ ਦੀ ਫੀਡ ਪਾ ਕੇ ਮਿਲਣ ਵਾਲਾ ਦੁੱਧ ਵੀ ਉਸੇ ਹੀ ਤਰ੍ਹਾਂ ਦਾ ਹੋ ਗਿਆ ਹੈ। ਪਰ ਚਰਾਂਦਾਂ ਵੇਲੇ ਪਸ਼ੂਆਂ ਵੱਲੋਂ ਵੰਨ-ਸੁਵੰਨੀਆਂ ਵਨਸਪਤੀਆਂ ਦੀ ਖੁਰਾਕ ਖਾਣ ਤੋਂ ਇਲਾਵਾ ਟਿੱਬਿਆਂ ਤੱਕ ਤੁਰ ਕੇ ਆਉਣ/ਜਾਣ ਨਾਲ ਦੁੱਧ ਉਸ ਤਰ੍ਹਾਂ ਦਾ ਹੁੰਦਾ ਸੀ। ਪਰ ਹੁਣ ਇਹ ਸਾਰਾ ਕੁਝ ਖਤਮ ਹੋ ਚੁੱਕਾ ਹੈ।

ਕੁਦਰਤੀ ਵਨਸਪਤੀ ਨੂੰ ਖਤਮ ਕਰਨ ਵਿੱਚ ਕਿਸਾਨ ਦੇ ਨਾਲ ਹੀ ਮਗਨਰੇਗਾ ਯੋਜਨਾ ਵੀ ਸ਼ੁਰੂ ਹੋ ਗਈ ਹੈ, ਕਿਉਕਿ ਕਿਸਾਨ ਨੇ ਫ਼ਸਲਾਂ ਦੀ ਗੁੱਡ-ਗਡਾਈ ਅਤੇ ਵੱਟਾਂ-ਡੌਲਿਆਂ ਦੀ ਛਾਂਗ/ਛਗਾਈ ਕਰਨ ਦੀ ਬਜਾਏ ਘਾਹ ਮਾਰਨ ਵਾਲੀ ਦਵਾਈ ਦੀ ਢੋਲੀ ਆਪਣੀ ਪਿੱਠ 'ਤੇ ਚੁੱਕ ਲਈ ਹੈ। ਜਿਹੜੀ ਚੰਗੇ-ਮਾੜੇ ਨੂੰ ਵੇਖੇ ਬਿਨ੍ਹਾਂ ਹੀ ਹਰ ਤਰ੍ਹਾਂ ਦੇ ਘਾਹ ਦਾ ਖਾਤਮਾ ਕਰ ਰਹੀ ਹੈ।

ਦੂਸਰਾ ਮਗਨਰੇਗਾ ਯੋਜਨਾ ਦੇ ਨਾਂ 'ਤੇ ਸੜਕਾਂ ਕੰਢੇ ਖੜ੍ਹੇ ਘਾਹ/ਫੂਸ ਦੀ ਸਫਾਈ ਕਰਨ ਲਈ ਮਜ਼ਦੂਰ ਲਾ ਦਿੱਤੇ ਜਾਂਦੇ ਹਨ। ਜਿਹੜੇ ਸੜਕਾਂ ਦੇ ਕਿਨਾਰਿਆਂ ਦੀ ਚੰਗੀ ਤਰ੍ਹਾਂ ਸਫਾਈ ਕਰਦੇ ਹਨ। ਜਿਸ ਨਾਲ ਘਾਹ/ਫੂਸ ਅਤੇ ਕੁਦਰਤੀ ਵਨਸਪਤੀ ਖਤਮ ਹੋਣ ਦੇ ਨਾਲ ਹੀ ਖੁੱਲ੍ਹੇਆਮ ਫਿਰ ਰਹੇ ਪਸ਼ੂਆਂ ਦਾ ਹਰਾ ਚਾਰਾ ਵੀ ਖਤਮ ਹੋ ਰਿਹਾ ਹੈ।



# ਕਿਸਾਨਾਂ ਲਈ ਗਿਆਨ ਪ੍ਰਾਪਤੀ ਦੇ ਸੋਮੇ

# ਕਿਸਾਨ ਮੇਲੇ



ਡਾ. ਰਣਜੀਤ ਸਿੰਘ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਥੋਂ ਦੇ ਕਿਸਾਨ ਅਗਾਂਹਵੱਧੂ ਹਨ ਅਤੇ ਹਮੇਸ਼ਾਂ ਖੇਤੀ ਦੀਆਂ ਨਵੀਨਾਂ ਤਕਨੀਕਾਂ ਨੂੰ ਅਪਨਾਉਣ ਲਈ ਤਿਆਰ ਰਹਿੰਦੇ ਹਨ। ਸਾਰੀ ਧਰਤੀ ਸੇਂਜੂ ਹੋਣ ਨਾਲ ਖੇਤੀ ਵਿਚ ਨਵੇਂ ਤਜ਼ਰਬੇ ਕੀਤੇ ਜਾ ਸਕਦੇ ਹਨ। ਸਾਰੀ ਧਰਤੀ ਸੇਂਜੂ ਹੋਣ ਨਾਲ ਖੇਤੀ ਵਿਚ ਨਵੇਂ ਤਜ਼ਰਬੇ ਕੀਤੇ ਜਾ ਸਕਦੇ ਹਨ। ਇਸੇ ਕਰਕੇ ਕਿਸਾਨ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨਾਲ ਨੇੜਲੇ ਸਬੰਧ ਹਨ। ਇਥੋਂ ਗਿਆਨ ਪ੍ਰਾਪਤ ਕਰਕੇ ਪੰਜਾਬ ਦੇ ਕਿਸਾਨਾਂ ਦੇ ਕਿਸਾਨਾਂ ਨੇ ਦੇਸ਼ ਵਿਚ ਹਰਾ ਇਲਕਲਾਬ ਸਿਰਜਿਆ ਅਤੇ ਲੋਕਾਈ ਨੂੰ ਭੁੱਖਮਰੀ ਤੋਂ ਬਚਾਇਆ। ਗਿਆਨ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਯੂਨੀਵਰਸਿਟੀ ਵੱਲੋ ਲਗਾਏ ਜਾਂਦੇ ਕਿਸਾਨ ਮੇਲਿਆਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਨ੍ਹਾਂ ਮੇਲਿਆਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਆਉਂਦੇ ਹਨ। ਅਜਿਹਾ ਹੋਰ ਕਿਸੇ ਸੰਸਥਾ ਵਿਚ ਨਹੀਂ ਹੁੰਦਾ। ਇਹ ਯੂਨੀਵਰਸਿਟੀ ਹਮੇਸ਼ਾਂ ਦੇਸ਼ ਦੀ ਸਭ ਤੋਂ ਵਧੀਆ ਯੂਨੀਵਰਸਿਟੀ ਮੰਨੀ ਜਾਂਦੀ ਹੈ। ਇਹ ਯੂਨੀਵਰਸਿਟੀ ਨੇ ਖੇਤੀ ਵਿਚ ਆਪਣੇ ਅਹਿਮ ਯੋਗਦਾਨ ਦੇ ਨਾਲੋਂ ਨਾਲ ਰੁੱਖਾਂ ਦੀ ਸਾਂਭ-ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਇਸ ਪੱਖੋਂ ਯੂਨੀਵਰਸਿਟੀ ਨੂੰ ਪੰਜਾਬ ਦੀ ਸਭ ਤੋਂ ਸੁੰਦਰ ਸੰਸਥਾ ਗਿਣਿਆ ਗਿਆ ਹੈ। ਇਥੋਂ ਦਾ ਹਰੇਕ ਵਿਦਿਆਰਥੀ ਇਕ ਰੁੱਖ ਦੀ ਪਾਲਣਾ ਕਰਦਾ ਹੈ। ਇੱਥੋਂ ਦੇ ਸਾਰੇ ਘਰਾਂ ਵਿਚ ਫਲਦਾਰ ਬੂਟੇ ਹਨ। ਇਥੋਂ ਸਬਕ ਸਿੱਖ ਕੇ ਆਪਣੇ ਘਰਾਂ ਨੂੰ ਰੁਖਾਂ ਫੁਲ੍ਹਾਂ ਤੇ ਫਲਾਂ ਨਾਲ ਸ਼ਿੰਗਾਰਨ ਦਾ ਯਤਨ ਕਰੋ।

ਇਹ ਵੇਖਣ ਵਿਚ ਆਇਆ ਹੈ ਕਿ ਮੇਲੇ ਵਿਚ ਆ ਕੇ ਕਿਸਾਨਾਂ ਦੀ ਮੁੱਖ ਰੁਚੀ ਨਵੇਂ ਬੀਜ ਖਰੀਦਣ ਵਿਚ ਹੀ ਹੁੰਦੀ ਹੈ। ਆਪਣੀਆਂ ਖੇਤੀ ਸਮੱਸਿਆਵਾਂ ਬਾਰੇ ਮਾਹਿਰਾਂ ਨਾਲ ਬਹੁਤ ਘੱਟ ਵਿਚਾਰ ਵਿਟਾਂਦਰਾ ਕਰਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਕਿਸਾਨ ਰਸਾਇਣਾ ਦੀ ਵਰਤੋਂ ਫਸਲਾਂ ਉੱਤੇ ਕਿਸੇ ਕੀੜੇ ਜਾਂ ਬਿਮਾਰੀ ਦੇ ਹਮਲੇ ਸਮੇਂ ਦੁਕਾਨਦਾਰਾਂ ਦੀ ਸਲਾਹ ਨਾਲ ਹੀ ਕਰਦੇ ਹਨ। ਇਸ ਨਾਲ ਜਿੱਥੇ ਖਰਚੇ ਵਿਚ ਵਾਧਾ ਹੁੰਦਾ ਹੈ ਉੱਥੇ ਕਈ ਵਾਰ ਨੁਕਸਾਨ ਵੀ ਹੋ ਜਾਂਦਾ ਹੈ। ਕਿਸਾਨਾਂ ਨੂੰ ਮੇਰੀ ਬੇਨਤੀ ਹੈ ਕਿ ਖੇਤੀ ਵਿਚ ਰਸਾਇਣਾਂ ਦੀ ਵਰਤੋਂ ਕੇਵਲ ਮਾਹਿਰਾਂ ਦੀ ਸਲਾਹ ਲੈ ਕੇ ਹੀ ਕਰੋ। ਆਪਣੇ ਆਮ ਜਾਂ ਦੁਕਾਨਦਾਰਾਂ ਦੀ ਸਲਾਹ ਉੱਤੇ ਹੀ ਨਿਰਭਰ ਨਾ ਰਹੋ। ਯੂਨੀਵਰਸਿਟੀ ਵੱਲੋਂ ਹਰੇਕ ਜ਼ਿਲ੍ਹੇ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਬਣਾਏ ਗਏ ਹਨ। ਲੋੜ ਸਮੇਂ ਉੱਥੋਂ ਦੇ ਮਾਹਿਰਾਂ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਰਸਾਇਣਾਂ ਦੀ ਵਰਤੋਂ ਕਰੋ।

ਯੂਨੀਵਰਸਿਟੀ ਨੂੰ ਮੁੜ ਸ਼ਿੰਗਾਰਨ ਦਾ ਕੰਮ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੀ ਅਗਵਾਈ ਹੇਠ ਅਰੰਭਿਆ ਗਿਆ ਹੈ। ਇਸ ਵਾਰ ਕਿਸਾਨ ਭੈਣੋ ਤੇ ਭਰਾਵੋ ਕਿਸਾਨ ਮੇਲੇ ਉੱਤੇ ਮੁੜ ਤੋਂ ਸ਼ਿੰਗਾਰੀ ਗਈ ਇਹ ਸੰਸਥਾ ਤੁਹਾਨੂੰ ਉਡੀਕ ਰਹੀ ਹੈ। ਇਸ ਸੰਸਥਾ ਨੇ ਜਿੱਥੇ ਵਿਗਿਆਨਕ ਦ੍ਰਿਸ਼ਟੀ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ ਉੱਥੇ ਹੀ ਪੰਜਾਬੀਆਂ ਵਿਚ ਆਪਣੇ ਘਰਾਂ ਤੇ ਖੇਤਾਂ ਨੂੰ ਫੁੱਲ ਬੂਟਿਆਂ ਤੇ ਰੁੱਖਾਂ ਨਾਲ ਸ਼ਿੰਗਾਰਨ ਲਈ ਵੀ ਉਤਸ਼ਾਹਿਤ ਕੀਤਾ ਹੈ। ਯੂਨੀਵਰਸਿਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਇਥੇ ਦਾਖਲ ਹੋਣ ਵਾਲਾ ਹਰੇਕ ਵਿਦਿਆਰਥੀ ਇਕ ਰੁੱਖ ਲਗਾਏਗਾ ਅਤੇ ਜਿਤਨਾ ਸਮਾਂ ਉਹ ਯੂਨੀਵਰਸਿਟੀ ਵਿਚ ਰਹੇਗਾ ਰੁੱਖ ਦੀ ਸਾਂਭ-ਸੰਭਾਲ ਉਸ ਦੀ ਜ਼ੁੰਮੇਵਾਰੀ ਹੋਵੇਗੀ। ਕਿਸਾਨ ਭਰਾਵੋ ਤੁਸੀਂ ਵੀ ਇਸ ਤੋਂ ਪ੍ਰੇਰਣਾ ਲਵੋ ਅਤੇ ਆਪਣੇ ਪਿੰਡ ਵਿਚ ਹਰੇਕ ਪਰਿਵਾਰ ਵੱਲੋਂ ਇਕ ਰੁੱਖ ਲਗਾਉਣ ਤੇ ਉਸ ਦੀ ਸਾਂਭ-ਸੰਭਾਲ ਕਰਨ ਦਾ ਫੈਸਲਾ ਕਰੋ। ਇੰਝ ਪੰਜਾਬ ਮੁੜ ਹਰਾ ਭਰਾ ਹੋ ਜਾਵੇਗਾ ਅਤੇ ਵੱਧ ਰਹੀ ਤਪਸ਼ ਨੂੰ ਠੱਲ ਪਾਈ ਜਾ ਸਕੇਗੀ। ਕਿਉਂਕਿ ਇਸਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੁੰਦਾ ਹੈ।

ਯੂਨੀਵਰਸਿਟੀ ਵੱਲੋਂ ਤੁਹਾਡੀ ਸੇਵਾ ਲਈ ਕੁਝ ਨਵੇਂ ਉਪਰਾਲੇ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਨ੍ਹਾਂ ਬਾਰੇ ਜਾਣਕਾਰੀ ਤੁਹਾਡੇ ਨਾਲ ਸਾਂਝੀ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਵਿਖੇ ਸਮਾਰਟ ਖੇਤੀਬਾੜੀ ਲਈ ਡਿਜੀਟਲ ਤਕਨਾਲੋਜੀ ਪਾਰਕ ਸਥਾਪਿਤ ਕੀਤੀ ਜਾ ਰਹੀ ਹੈ। ਇਸ ਵਿਚ ਸੈਂਸਰ ਅਧਾਰਿਤ ਸਵੈਚਾਲਿਤ ਸਿੰਚਾਈ ਪ੍ਰਬੰਧ, ਸਵੈਚਾਲਿਤ ਮੌਸਮ ਕੇਂਦਰ, ਖੇਤੀ ਵਿਚ ਡਰੋਨ ਦੀ ਵਰਤੋਂ, ਮਸ਼ੀਨ ਸਿਖਲਾਹੀ ਆਧਾਰਿਤ ਸੂਖਮ ਸਹਿਯੋਗੀ ਪ੍ਰਬੰਧ ਆਦਿ ਸ਼ਾਮਿਲ ਕੀਤਾ ਜਾਵੇਗਾ। ਮੌਸਮੀ ਤਬਦੀਲੀ ਦਾ ਮੁਕਾਬਲਾ ਕਰਨ ਵਾਲੀਆਂ ਫਸਲਾਂ ਦੀਆਂ ਕਿਸਮਾਂ ਵਿਕਸਤ ਕਰਨ ਦੇ ਕਾਰਜ ਵਿਚ ਵੀ ਯੂਨੀਵਰਸਿਟੀ ਨੂੰ ਤੇਜ਼ੀ ਲਿਆਉਣ ਦੀ ਲੋੜ ਹੈ। ਪੰਜਾਬ ਵਿਚ ਫਸਲਾਂ ਦੇ ਨਾੜ ਨੂੰ ਸੰਭਾਲਣਾ ਮੁੱਖ ਸਮੱਸਿਆ ਬਣ ਗਿਆ ਹੈ। ਇਨ੍ਹਾਂ ਦੀ ਸੰਭਾਲ ਅਤੇ ਸਨਅਤੀ ਵਰਤੋਂ ਸਬੰਧੀ ਕੋਈ ਵਧੀਆ ਖੋਜ ਨਹੀਂ ਹੋਈ ਹੈ। ਇਸ ਬਾਰੇ ਵਿਸ਼ੇਸ਼ ਖੋਜ ਦੀ ਲੋੜ ਹੈ। ਭਾਰਤ ਸਰਕਾਰ ਵੱਲੋਂ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਪੰਜਾਬ ਵਿਚ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋਣ ਕਰਕੇ ਰੂੜ੍ਹੀ ਉਪਲਬਧ ਨਹੀਂ ਹੈ। ਫਸਲਾਂ ਤੋਂ ਵੱਧ ਝਾੜ ਲੈਣ ਲਈ ਕੁਦਰਤੀ ਖੇਤੀ ਦੇ ਢੰਗ ਤਰੀਕਿਆਂ ਨੂੰ ਵਿਕਸਿਤ ਕਰਨ ਵੱਲ ਵੀ ਵਿਸ਼ੇਸ਼ ਖੋਜ ਕੀਤੀ ਜਾਂਦੀ ਹੈ। ਪੰਜਾਬੀਆਂ ਦੀਆਂ ਖਾਣ ਪੀਣ ਦੀਆਂ ਆਦਤਾਂ ਬਦਲ ਰਹੀਆਂ ਹਨ ਜਿਸ ਕਾਰਨ ਉਹ ਸੰਤੁਲਿਤ ਭੋਜਨ ਤੋਂ ਦੂਰ ਹੋ ਰਹੇ ਹਨ। ਬਦਲੀ ਸਥਿਤੀ ਵਿਚ ਪੌਸ਼ਟਿਕ ਭੋਜਨ ਕਿਵੇਂ ਤਿਆਰ ਕੀਤੇ ਜਾਣ ਇਸ ਸਬੰਧੀ ਵੀ ਕਿਸਾਨ ਮੇਲੇ ਵਿਚ ਜਾਣਕਾਰੀ ਦੇਣੀ ਚਾਹੀਦੀ ਹੈ।

ਬਹੁਤੇ ਪਰਿਵਾਰਾਂ ਨੇ ਦੁਧਾਰੂ ਪਸ਼ੂ ਰੱਖਣੇ ਬੰਦ ਕਰ ਦਿੱਤੇ ਹਨ, ਇੰਝ ਘਰਾਂ ਵਿਚੋਂ ਦੁੱਧ, ਦਹੀਂ, ਲੱਸੀ, ਮੱਖਣ ਘੀ ਅਲੋਪ ਹੋ ਰਹੇ ਹਨ। ਚੰਗੀ ਸਿਹਤ ਲਈ ਜਾਣੇ ਜਾਂਦੇ ਪੰਜਾਬੀਆਂ ਵਿਚ ਵੀ



ਸੰਤੁਲਿਤ ਭੋਜਨ ਦੀ ਘਾਟ ਨਜ਼ਰ ਆਉਣ ਲੱਗ ਪਈ ਹੈ। ਸੰਤੁਲਿਤ ਭੋਜਨ ਸਬੰਧੀ ਵਿਸ਼ੇਸ਼ ਪ੍ਰਦਰਸ਼ਨੀ ਦੀ ਲੋੜ ਹੈ। ਸਬਜ਼ੀਆਂ ਦੀ ਕਾਸ਼ਤ ਵਿਸ਼ੇਸ਼ ਕਰਕੇ ਘਰ ਬਗੀਚੀ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਦੇ ਵੀ ਯਤਨ ਹੋਣੇ ਚਾਹੀਦੇ ਹਨ। ਕਣਕ ਦੀ ਬਿਜਾਈ ਲਈ ਛੱਟਾ ਵਿਧੀ ਦਾ ਪ੍ਰਦਰਸ਼ਨ ਵੀ ਜ਼ਰੂਰੀ ਹੈ। ਸਟਾਲ ਭਾਵੇਂ ਘੱਟ ਲਗਾਏ ਜਾਣ ਪਰ ਮੌਜੂਦਾ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਬਦਲਦੇ ਮੌਸਮ ਅਤੇ ਵੱਧ ਰਹੀ ਤਪਸ਼ ਦਾ ਮੁਕਾਬਲਾ ਕਰਨ ਵਾਲੀਆਂ ਕਿਸਮਾਂ ਬਾਰੇ ਜਾਣਕਾਰੀ ਦੀ ਲੋੜ ਹੈ। ਖੇਤਾਂ ਵਿਚ ਪ੍ਰਦਰਸ਼ਨੀਆਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਹਰੇਕ ਨੁਕੜ ਉੱਤੇ ਖਾਣ ਪੀਣ ਦੀਆਂ ਦੁਕਾਨਾਂ ਲਗਾਉਣ ਦੀ ਥਾਂ ਦੋ ਤਿੰਨ ਥਾਵਾਂ ਨਿਸਚਤ ਕਰਨ ਦੀ ਲੋੜ ਹੈ। ਇਹ ਖਾਸ ਖਿਆਲ ਰੱਖਿਆ ਜਾਵੇ ਕਿ ਖਾਣ ਪੀਣ ਵਾਲੀਆਂ ਵਸਤਾਂ ਚੰਗੀ ਤਰ੍ਹਾਂ ਢੱਕੀਆਂ, ਸਾਫ-ਸੁਥਰੀਆਂ ਅਤੇ ਸੁਚੱਜੇ ਢੰਗ ਨਾਲ ਬਣਾਈਆਂ ਹੋਣ। ਉਹ ਸੁਨੇਹੇ ਜਿਨ੍ਹਾਂ ਦਾ ਕਿਸਾਨਾਂ ਤੱਕ ਪਹੁੰਚਣਾ ਜ਼ਰੂਰੀ ਹੈ ਉਨ੍ਹਾਂ ਬਾਰੇ ਜਾਣਕਾਰੀ ਵਿਸ਼ੇਸ਼ ਢੰਗ ਨਾਲ ਦਿੱਤੀ ਜਾਵੇ। ਬੀਜ ਵਿਕਰੀ ਕੇਂਦਰ ਵਿਚ ਬੀਜ ਦੀ ਹਰੇਕ ਥੈਲੀ ਨਾਲ ਇਕ ਪਰਚਾ ਲਗਾਇਆ ਜਾਵੇ, ਜਿਸ ਉੱਤੇ ਕਿਸਮ ਦਾ ਨਾਲ ਅਤੇ ਕਾਸ਼ਤ ਸਬੰਧੀ ਸਿਫਾਰਸ਼ਾਂ ਲਿਖੀਆਂ ਹੋਣ। ਮੀਂਹ ਦੇ ਪਾਣੀ ਦੀ ਸੰਭਾਲ, ਪਾਣੀ ਦੀ ਬੱਚਤ, ਘੱਟ ਸਮਾਂ ਲੈਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਸਬੰਧੀ ਜਾਣਕਾਰੀ ਦੇਣ ਲਈ ਵਿਸ਼ੇਸ਼ ਪ੍ਰਦਰਸ਼ਨੀ ਕੇਂਦਰ ਬਣਾਇਆ ਜਾਵੇ। ਮੇਲੇ ਦੇ ਪ੍ਰੋਗਰਾਮ ਅਤੇ ਇਸ ਦੀ ਰੂਪ ਰੇਖਾ ਵਿਚ ਬਦਲਲਦੇ ਸਮੇਂ ਦੀਆਂ ਲੋੜਾਂ ਅਨੁਸਾਰ ਤਬਦੀਲੀਆਂ ਕਰ ਲੈਣੀਆਂ ਚਾਹੀਦੀਆਂ ਹਨ। ਜਦੋਂ 1967 ਵਿਚ ਮੇਲਾ ਸ਼ੁਰੂ ਹੋਇਆ ਸੀ ਉਦੋਂ ਦੀ ਤੇ ਹੁਣ ਦੀ ਖੇਤੀ ਵਿਚ ਬਹੁਤ ਫਰਕ ਆ ਗਿਆ ਹੈ। ਵਿਭਾਗਾਂ ਦੇ ਸਟਾਲਾਂ ਵਿਚ ਬਹੁਤ ਸਾਰੇ ਚਾਰਟ ਲਗਾਏ ਜਾਂਦੇ ਹਨ ਜਿਨ੍ਹਾਂ ਰਾਹੀਂ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਯਤਨ ਕੀਤਾ ਜਾਂਦਾ ਹੈ। ਕਿਸੇ ਕੋਲ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 09**
**ਮਿਤੀ 01-03-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਭੋਜਨ ਸੁਰੱਖਿਆ ਦਾ ਆਧਾਰ ਟਿਕਾਊ ਖੇਤੀ ਆਮਦਨੀ

ਕੈਂਬਰਿਜ ਡਿਕਸ਼ਨਰੀ ਮੁਤਾਬਿਕ 'ਮੂਨਸ਼ੌਟ' ਦਾ ਮਤਲਬ ਹੈ ਕੁਝ ਅਸੰਭਵ ਕਰਨ ਲਈ ਹਿੰਮਤੀ ਯੋਜਨਾ ਬਣਾਉਣਾ। ਇਸ ਲਈ ਜਦੋਂ 150 ਤੋਂ ਵੱਧ ਨੋਬੇਲ ਪੁਰਸਕਾਰ ਤੇ ਵਿਸ਼ਵ ਖੁਰਾਕ ਸਨਮਾਨ ਜੇਤੂਆਂ ਨੂੰ ਖੁੱਲ੍ਹਾ ਖਤ ਲਿਖਦਿਆਂ ਧਰਤੀ ਪੱਖੀ ਮੂਨਸ਼ੌਟ ਕੋਸ਼ਿਸ਼ਾਂ ਕਰਨ ਦਾ ਸੱਦਾ ਦਿੱਤਾ ਜੋ ਬਾਅਦ 'ਚ ਖੁਰਾਕ ਉਤਪਾਦਨ 'ਚ ਕੇਵਲ ਵਾਧੇ ਦਾ ਹੀ ਨਹੀਂ ਬਲਕਿ ਸਾਰਥਕ ਵਾਧੇ ਦਾ ਕਾਰਨ ਬਣਨਗੀਆਂ; ਉਹ ਵਾਧਾ ਜੋ ਮੌਜੂਦਾ ਰਫਤਾਰ 'ਤੇ 2050 ਤੱਕ ਦੁਨੀਆ ਭਰ ਦੇ ਲੋਕਾਂ ਭਰ ਦੇ ਲੋਕਾਂ ਨੂੰ ਰਜਾਉਣ ਦੀ ਵੱਡੀ ਚੁਣੌਤੀ ਦੇ ਪੱਖ ਤੋਂ ਲਗਭਗ ਅਸੰਭਗ ਜਾਪ ਰਿਹਾ ਹੈ। ਉਦੋਂ ਮਾਹਿਰ ਇਸ ਸੱਦੇ ਰਾਹੀਂ ਵੇਲੇ ਸਿਰ ਕਦਮ ਚੁੱਕਣ ਦੀ ਸਪਸ਼ਟ ਚਿਤਾਵਨੀ ਦੇਣ ਦਾ ਹੀਲਾ ਕਰ ਰਹੇ ਹਨ।

ਚਿੱਠੀ ਵਿਚ ਚਿਤਾਵਨੀ ਹੈ, ''ਅਸੀਂ ਭਵਿੱਖ ਦੀਆਂ ਖੁਰਾਕ ਲੋੜਾਂ ਪੂਰਨ ਦੇ ਰਾਹ ਉੱਤੇ ਬਿਲਕੁਲ ਨਹੀਂ ਹਾਂ ਬਲਕਿ ਨੇੜੇ-ਤੇੜੇ ਵੀ ਨਹੀਂ ਹਾਂ।''



ਇਸ 'ਤੇ ਸਾਡੇ ਸਮਿਆਂ ਦੀਆਂ ਕੁਝ ਸਭ ਤੋਂ ਵੱਡੀਆਂ ਹਸਤੀਆਂ ਦੇ ਦਸਤਖਤ ਹਨ ਜਿਵੇਂ ਨੋਬੇਲ ਨਾਲ ਸਨਮਾਨਿਤ 14ਵੇਂ ਦਲਾਈ ਲਾਮਾ, ਜੌਸੇਫ ਸਟਿਗਲਿਟਜ਼, ਕੈਲਾਸ਼ ਸਤਿਆਰਥੀ, ਰੌਬਰਟ ਹੂਬਰ, ਡੈਰਨ ਐਸਮੋਗਲੂ ਤੇ ਸਰ ਜੌਹਨ ਈ ਵਾਕਰ, ਵਿਸ਼ਵ ਖੁਰਾਕ ਪੁਰਸਕਾਰ ਜੇਤੂ ਜਿਵੇਂ ਡਾ. ਗੁਰਦੇਵ ਸਿੰਘ ਖੁਸ਼, ਪੇਰ ਪਿਨਸਟਰੱਪ-ਐਂਡਰਸਨ, ਰਤਨ ਲਾਲ ਤੇ ਹਾਂਸ ਆਰ ਹੈਰਨ।

ਚਿੱਠੀ ਦੇ ਅਖੀਰ 'ਚ ਦਰਜ ਹੈ, ''ਵਿਗਿਆਨ ਤੇ ਖੋਜ ਦੇ ਮੋਹਰੀਆਂ ਵਜੋਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਚਿਤਾਵਨੀ ਦੇਣ ਲੱਗਿਆਂ ਤੁਸੀਂ ਸਾਡੇ ਨਾਲ ਖੜ੍ਹੇ ਹੋਵੋ, (ਆਓ) ਇਕੱਠੇ ਹੋ ਕੇ ਆਪਣੀ ਉਮੰਗਾਂ ਨੂੰ ਪ੍ਰਗਟ ਕਰੀਏ ਤੇ ਸੰਸਾਰ ਦੀ ਭੋਜਨ ਤੇ ਪੋਸ਼ਣ ਸੁਰੱਖਿਆ ਯਕੀਨੀ ਬਣਾਉਣ ਲਈ ਖੋਜ ਨੂੰ ਸਿਖਰਲੇ ਪੱਧਰ 'ਤੇ ਲਿਜਾਣ ਦੀ ਵਕਾਲਤ ਕਰੀਏ।''

ਜਦੋਂ ਸੰਸਾਰ ਪਹਿਲਾਂ ਹੀ 2050 ਤੱਕ 9.8 ਅਰਬ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਲੋੜੀਂਦੀ ਖੁਰਾਕ ਪੈਦਾ ਕਰ ਰਿਹਾ ਹੈ, ਇਹ ਕੇਵਲ ਦਿਖਾਉਂਦਾ ਹੈ ਕਿ ਖੁਰਾਕੀ ਕਮੀਆਂ 80 ਕਰੋੜ ਤੋਂ ਵੱਧ ਲੋਕ ਭੁੱਖਮਰੀ ਦਾ ਸ਼ਿਕਾਰ ਹਨ, ਸਿਰਫ ਉਤਦਾਦਨ ਵਿਚ ਗਿਰਾਵਟ ਕਰ ਕੇ ਨਹੀਂ ਬਲਕਿ ਇਹ ਖੁਰਾਕੀ ਕਮੀਆਂ ਗਲਮ ਨੀਤੀਆਂ ਦਾ ਸਿੱਟਾ ਹਨ।

'ਹੰਗਰ'ਸ ਟਿਪਿੰਗ ਪੁਆਇੰਟ' ਦੇ ਸਿਰਲੇਖ ਹੇਠ ਇਸ ਖਤ 'ਚ ਪਸ਼ੂਆਂ ਦੀ ਖੁਰਾਕ ਨਹੀ ਕੌਮਾਂਤਰੀ ਕੋਸ਼ਿਸ਼ਾਂ ਤੇ ਕੁਝ ਹੋਰ ਨੁਕਤਿਆਂ ਦਾ ਜ਼ਿਕਰ ਨਹੀਂ ਕੀਤਾ ਗਿਆ ਪਰ ਇਹ ਜਲਵਾਯੂ ਤਬਦੀਲੀ ਨਾਲ ਸਬੰਧਿਤ ਕਠੋਰ ਮੌਸਮੀ ਘਟਨਾਵਾਂ ਦੇ ਵੱਧਣ' ਦਾ ਜ਼ਿਕਰ ਜ਼ਰੂਰੀ ਕਰਦਾ ਹੈ। ਖੁਰਾਕ ਤੇ ਪੋਸ਼ਣ ਦਾ ਸੰਕਟ ਇਸ ਸਦੀ ਦੇ ਅੱਧ ਤੱਕ ਕੇਵਲ ਬਦਤਰ ਹੋਵੇਗਾ। ਪੱਤਰ 'ਚ ਹੋਰ ਕਈ ਕਾਰਕਾਂ ਜਿਵੇਂ ਭੌਂ ਖੋਰ, ਭੂਮੀ ਪਤਨ, ਜੈਵ ਭਿੰਨਤਾ ਦਾ ਨੁਕਸਾਨ, ਪਾਣੀ ਦੀ ਕਮੀ ਤੇ ਦੁਨੀਆਂ ਭਰ 'ਚ ਹੋ ਰਹੇ ਟਕਰਾਅ ਨਾਲ ਉਤਪਾਦਕਤਾ ਘਟਣ ਦਾ ਜ਼ਿਕਰ ਬਿਲਕੁਲ ਦਰੁਸਤ ਢੰਗ ਨਾਲ ਕੀਤਾ ਗਿਆ ਹੈ।

ਯਕੀਨਨ, ਇਹ ਚਿੰਤਾ ਦਾ ਵਿਸ਼ਾ ਹੈ ਹਾਲਾਂਕਿ ਪੱਤਰ ਮੱਕੀ ਦਾ ਜ਼ਿਕਰ ਨਹੀਂ ਕਰਦਾ ਜੋ ਅਫਰੀਕਾ ਦਾ ਮੁੱਖ ਭੋਜਨ ਹੈ ਅਤੇ ਜਿਸ ਦੀ ਪੈਦਾਵਾਰ ਆਉਣ ਵਾਲੇ ਸਮਿਆਂ 'ਚ ਘਟ ਸਕਦੀ ਹੈ। ਖੁਰਾਕ ਤੇ ਪੋਸ਼ਣ ਸੁਰੱਖਿਆ ਦੀਆਂ ਆਲਮੀ ਚੁਣੌਤੀਆਂ ਦਾ ਸਾਹਮਣਾ ਉਦੋਂ ਤੱਕ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਸੰਸਾਰ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਫੌਰੀ ਤੌਰ 'ਤੇ ਹੱਥ ਮਿਲਾਉਣ ਤੇ ਇਕਜੁੱਟ ਹੋਣ ਦੀ ਲੋੜ ਹੈ।

ਮਸਲਨ, ਅਮਰੀਕਾ 'ਚ ਘਰੇਲੂ ਮੱਕੀ ਉਤਪਾਦਨ ਦਾ 44 ਪ੍ਰਤੀਸ਼ਤ ਇਥਾਨੋਲ ਉਤਪਾਦਨ ਲਈ ਰੱਖਿਆ ਜਾਂਦਾ ਹੈ। ਇਸੇ ਤਰ੍ਹਾਂ 'ਨਿਊ ਸਾਇੰਟਿਸਟ' ਪੱਤ੍ਰਿਕਾ ਦੀ ਰਿਪੋਰਟ (14 ਮਾਰਚ 2022) ਦੱਸਦੀ ਹੈ ਕਿ 9 ਕਰੋੜ ਟਨ ਅਨਾਜ ਇਥਾਨੋਲ ਲਈ ਰੱਖਿਆ ਜਾ ਰਿਹਾ ਸੀ ਤੇ ਯੂਰੋਪੀਅਨ ਯੂਨੀਅਨ 1.2 ਕਰੋੜ ਟਨ ਇਥਾਨੋਲ ਵਰਤ ਰਹੀ ਸੀ। ਕਣਕ ਤੇ ਮੱਕੀ ਤੋਂ ਬਣਨ ਵਾਲੇ ਇਸ ਪਦਾਰਥ ਨੂੰ ਆਟੋਮੋਬਾਈਲ ਲਈ ਰੱਖਿਆ ਜਾ ਰਿਹਾ ਸੀ। ਯੂਰੋਪੀਅਨ ਯੂਨੀਅਨ 35 ਲੱਖ ਟਨ ਤਾੜ ਦੇ ਤੇਲ ਨੂੰ ਵੀ ਡੀਜ਼ਲ ਉਤਪਾਦਨ ਲਈ ਵਰਤ ਰਹੀ ਸੀ।

ਇਹ ਸਭ ਕੁਝ ਉਦੋਂ ਹੋ ਰਿਹਾ ਸੀ ਜਦੋਂ ਮੂਲ ਖੁਰਾਕੀ ਪਦਾਰਥਾਂ



ਦਵਿੰਦਰ ਸ਼ਰਮਾ
ਖੁਰਾਕ ਤੇ ਖੇਤੀਬਾੜੀ ਮਾਹਿਰ

ਦੀ ਕੌਮਾਂਤਰੀ ਸਪਲਾਈ ਨੂੰ ਰੂਸ-ਯੂਕਰੇਨ ਜੰਗ ਦੀ ਮਾਰ ਪੈ ਰਹੀ ਸੀ। ਜੇ ਅਮਰੀਕਾ ਤੇ ਯੂਰੋਪੀਅਨ ਯੂਨੀਅਨ 'ਚ ਜੈਵ ਈਧਨ ਦਾ 50 ਪ੍ਰਤੀਸ਼ਤ ਉਤਪਾਦਨ ਵੀ ਘਟਾਇਆ ਗਿਆ ਹੁੰਦਾ ਤਾਂ ਬਚੇ ਅਨਾਜ ਨਾਲ ਜੰਗ ਕਾਰਨ ਪੈਦਾ ਹੋਈ ਖੁਰਾਕ ਦੀ ਸਾਰੀ ਕਮੀ ਪੂਰੀ ਕੀਤੀ ਜਾ ਸਕਦੀ ਸੀ।

ਪੱਤਰ 'ਚ ਤਬਦੀਲੀ ਦੀਆਂ ਜਿਨ੍ਹਾਂ ਕੋਸ਼ਿਸ਼ਾਂ ਉੱਤੇ ਜ਼ੋਰ ਦਿੱਤਾ ਗਿਆ ਹੈ, ਉਨ੍ਹਾਂ 'ਚ ਕਣਕ ਤੇ ਚੌਲ ਵਰਗੀਆਂ ਫਸਲਾਂ 'ਚ ਵਰਗੀਆਂ ਫਸਲਾਂ 'ਚ ਪ੍ਰਕਾਸ਼ ਸੰਸ਼ਲੇਸ਼ਣ ਨੂੰ ਵਧਾਉਣਾ, ਮੁੱਖ ਦਾਲਾਂ 'ਚ ਜੈਵਿਕ ਨਾਈਟ੍ਰੋਜਨ ਨਿਰਧਾਰਨ, ਸਾਲਾਨਾ ਫਸਲਾਂ ਨੂੰ ਬਾਰਾ ਮਾਹੀ 'ਚ ਬਦਲਣਾ, ਫਸਲੀ ਢਾਂਚਿਆਂ 'ਚ ਭਿੰਨਤਾ ਲਿਆਉਣ ਅਤੇ ਜੀਵਾਣੂਆਂ ਨਾਲ ਪੋਸ਼ਕ ਤੱਤਾਂ ਨਾਲ ਭਰਪੂਰ ਭੋਜਨ ਪੈਦਾ ਕਰਨਾ ਸ਼ਾਮਿਲ ਹੈ।

ਪੱਤਰ ਕਹਿੰਦਾ ਹੈ, ''ਜਿਹੜੀ ਚੀਜ਼ ਨੂੰ ਸਵੀਕਾਰਨ ਦੀ ਲੋੜ ਹੈ, ਉਹ ਹੈ ਅਰਬਾਂ ਲੋਕਾਂ ਲਈ ਤੰਦਰੁਸਤ, ਉਸਾਰੂ ਤੇ ਸੁਰੱਖਿਅਤ ਜ਼ਿੰਦਗੀਆਂ ਯਕੀਨੀ ਬਣਾਉਣ ਦੇ ਜਿਹੜੇ ਫਾਇਦੇ ਹਨ ਉਹ ਵਿਆਪਕ ਤੌਰ 'ਤੇ ਆਲਮੀ ਅਰਥਚਾਰੇ ਨਾਲ ਵੀ ਜੁੜੇ ਹੋਏ ਹਨ।'' ਇਸ ਗੱਲ ਦੇ ਭਾਵੇਂ ਕਾਫੀ ਸਬੂਤ ਹਨ ਕਿ ਖੇਤੀ ਖੋਜ 'ਚ ਨਿਵੇਸ਼ ਦੇ ਕਈ ਫਾਇਦੇ ਹਨ, ਫਿਰ ਵੀ ਰਿਪੋਰਟ ਸੱਦਾ ਦਿੰਦੀ ਹੈ ਕਿ ਖੋਜ ਕਾਰਜ ਸਮਾਜ ਦੇ ਸਹਾਰੇ ਚੱਲੇ ਤਾਂ ਕਿ ਭਵਿੱਖ ਦੇ ਖੁਰਾਕੀ ਢਾਂਚਿਆਂ ਨੂੰ ਸਫਲਤਾ ਨਾਲ ਅੱਗੇ ਤੋਰਿਆ ਜਾ ਸਕੇ।''

ਅਜੇ ਇਹ ਸਪਸ਼ਟ ਨਹੀਂ ਕਿ ਕੀ ਜ਼ਿਆਦਾ ਜ਼ੋਰ ਸਰਕਾਰੀ ਮਦਦ ਪ੍ਰਾਪਤ ਖੋਜ ਉੱਤੇ ਦਿੱਤਾ ਗਿਆ ਹੈ ਜਾਂ ਪ੍ਰਾਈਵੇਟ ਖੋਜ ਦੇ ਬੋਲਬਾਲੇ ਉੱਤੇ।

ਜਦ ਲੋਕਾਂ ਨੂੰ ਸਿਹਤਮੰਦ, ਕਿਫਾਇਤੀ ਤੇ ਟਿਕਾਊ ਖਾਣਾ ਦੇਣ ਦੀ ਗੱਲ ਆਉਂਦੀ ਹੈ ਤਾਂ ਪੱਤਰ ਕਈ ਵਾਰ ਮੰਡੀਆਂ ਦੇ ਫੇਲ੍ਹ ਹੋਣ ਦੀ ਗੱਲ ਕਰਦਾ ਹੈ। ਇਹ ਢੁੱਕਵੇਂ ਰੈਗੂਲੇਟਰੀ ਤੇ 'ਕੀਮਤ' ਢਾਂਚਿਆਂ ਅੰਦਰ 'ਮੰਡੀ ਦੇ ਨਾਕਾਮ' ਹੋਣ ਵੱਲ ਤਾਂ ਸੰਕੇਤ ਕਰਦਾ ਹੈ ਪਰ ਸਿਰਫ ਕਾਰਬਨ ਤੇ ਪਾਣੀ ਦੀਆਂ ਕੀਮਤਾਂ ਦਾ ਜ਼ਿਕਰ ਕਰਦਾ ਹੈ; ਸਭ ਤੋਂ ਵੱਡੇ ਮੁੱਦੇ-ਸੰਸਾਰ 'ਚ ਹਰ ਥਾਂ ਖੇਤੀ ਆਮਦਨੀ ਵਧਾਉਣ 'ਚ ਮੰਡੀਆਂ ਦੀ ਨਾਕਾਮੀ ਉੱਤੇ ਚੁੱਪ ਰਹਿੰਦਾ ਹੈ।

ਜਦੋਂ ਤੱਕ ਟਿਕਾਊ ਖੇਤੀ ਆਮਦਨੀ ਯਕੀਨੀ ਬਣਾਉਣ ਲਈ ਪੁਰਜ਼ੋਰ ਕੋਸ਼ਿਸ਼ਾਂ ਨਹੀਂ ਹੁੰਦੀਆਂ, ਭਵਿੱਖੀ ਖੁਰਾਕ ਤੇ ਪੋਸ਼ਣ ਸੁਰੱਖਿਆ ਦੀਆਂ ਚੁਣੌਤੀਆਂ ਦਾ ਟਾਕਰਾ ਕਰਨਾ ਸ਼ਾਇਦ ਮੁਸ਼ਕਿਲ ਹੋਵੇਗਾ। ਮਿਸਾਲ ਵਜੋਂ ਭਾਵੇਂ ਅਮਰੀਕੀ ਖੇਤੀ ਬਿੱਲ ਜੋ ਅਗਲੇ ਪੰਜ ਸਾਲਾਂ ਲਈ ਕਿਸਾਨਾਂ ਤੇ ਖੇਤੀ ਨੂੰ ਬਜਟ ਉਪਲ ਬਧ ਕਰਾਉਂਦਾ ਹੈ ਤੇ ਆਖਿਰੀ ਸਤੰਬਰ 2024 ਵਿਚ ਖਤਮ ਹੋਇਆ ਹੈ, ਵਿਚ 1.8 ਖਰਬ ਡਾਲਰ ਦੀ ਤਜਵੀਜ਼ ਰੱਖੀ ਗਈ ਹੈ, ਫਿਰ ਵੀ ਅਮਰੀਕਾ ਨੂੰ ਲੱਗਦਾ ਹੈ ਕਿ ਪੰਜਾਂ ਵਿੱਚੋਂ ਇਕ ਕਿਸਾਨ ਇਸ ਸਾਲ ਖੇਤੀ ਦਾ ਕਿੱਤਾ ਛੱਡ ਦੇਵੇਗਾ।

ਜਿਨਸ ਦੀ ਕੀਮਤ ਘੱਟ ਲੱਗਣ ਅਤੇ ਉਤਪਾਦਨ ਖਰਚ ਵਧਣ ਦੇ ਸਤਾਏ ਕਿਸਾਨਾਂ ਨਾਲ ਫੌਰੀ 10 ਅਰਬ ਡਾਲਰ ਦਾ ਨੁਕਸਾਨ ਪੂਰਤੀ ਦਾ ਵਾਅਦਾ ਕਰਨ ਦੇ ਬਾਵਜੂਦ ਅਜਿਹਾ ਹੋਇਆ ਹੈ। ਨਵਾਂ ਖੇਤੀ ਬਿੱਲ 2024 ਅਜੇ ਮਨਜ਼ੂਰੀ ਉਡੀਕ ਰਿਹਾ ਹੈ।

ਯੂਰੋਪੀਅਨ ਯੂਨੀਅਨ 'ਚ ਪਿਛਲੇ ਸਾਲ ਦੇ ਪਹਿਲੇ ਚਾਰ ਮਹੀਨਿਆਂ 'ਚ 24 ਮੁਲਕਾਂ 'ਚ ਕਿਸਾਨ ਅੰਦੋਲਨ ਚੱਲਣ ਦੇ ਮੱਦੇਨਜ਼ਰ ਯਕੀਨੀ ਖੇਤੀ ਆਮਦਨੀ ਦਾ ਮੁੱਦਾ ਸਾਂਝੀ ਰਾਇ ਵਜੋਂ ਉੱਭਰਿਆ ਹੈ। ਕੁਝ ਦਿਨ ਪਹਿਲਾਂ ਹੀ ਫਰਾਂਸ 'ਚ ਛੋਟੇ ਕਿਸਾਨਾਂ ਦੀ ਫੈਡਰੇਸ਼ਨ ਨੇ ਮੰਗ ਕੀਤੀ ਹੈ ਕਿ ਖੇਤੀ ਆਮਦਨੀ ਨੂੰ ਖੇਤੀਬਾੜੀ ਖੁਰਾਕ ਸਪਲਾਈ ਲੜੀ 'ਚ 'ਐਡਜਸਟਮੈਂਟ ਵੇਰੀਏਬਲ' ਬਣਾ ਕੇ ਨਾ ਛੱਡਿਆ ਜਾਵੇ। ਇਹ ਸਪਲਾਈ ਲੜੀ 'ਚ ਹੇਠਲੇ ਕ੍ਰਮ 'ਤੇ ਹੁੰਦੇ ਵਾਧੂ ਮੁਨਾਫੇ ਨੂੰ ਨਕਾਰਤਾ ਹੈ 'ਤੇ ਕਿਸਾਨਾਂ ਲਈ ਨੁਕਸਾਨਦੇਹ ਦੱਸਦਾ ਹੈ। ਇਸ ਦਾ ਮਤਲਬ ਹੈ ਕਿ ਜਿੱਥੇ ਖੁਰਾਕ ਲੜੀ ਵਿਚ ਬਾਕੀ ਸਾਰੇ ਹਿੱਤਧਾਰਕ ਮੋਟਾ ਮੁਨਾਫਾ ਕਮਾ ਕੇ ਨਿਕਲ ਜਾਂਦੇ ਹਨ, ਕਿਸਾਨ ਸਿਰਫ ਮਾਮੂਲੀ ਮੁਨਾਫੇ 'ਤੇ ਗੁਜ਼ਾਰਾ ਕਰਨ ਜੋਗਾ ਰਹਿ ਜਾਂਦਾ ਹੈ।

ਭਾਰਤ 'ਚ ਜਿੱਥੇ ਪੰਜਾਬ-ਹਰਿਆਣਾ ਬਾਰਡਰ 'ਤੇ ਕਿਸਾਨ ਅੰਦੋਲਨ 2.0 ਚੱਲ ਰਿਹਾ ਹੈ, ਹਾਲੀਆ ਨਿਊਜ਼ ਰਿਪੋਰਟ ਕਹਿੰਦੀ ਹੈ ਕਿ ਸਾਉਣੀ ਦੀਆਂ 14 ਫਸਲਾਂ ਵਿੱਚੋਂ ਸੱਤ ਦੀ ਬਾਜ਼ਾਰੀ ਕੀਮਤ ਘੱਟੋ-ਘੱਟ ਸਮਰਥਨ ਮੁੱਲ (ਐੱਮ ਐਸ ਪੀ) ਤੋਂ 12-26 ਪ੍ਰਤੀਸ਼ਤ ਹੇਠਾਂ, ਘੁੰਮ ਰਹੀ ਹੈ। ਕਈ ਸਾਲਾਂ ਤੋਂ ਖੇਤੀ ਆਮਦਨੀ 'ਚ ਜਾਂ ਤਾਂ ਖੜੋਤ ਹੈ ਜਾਂ ਇਹ ਹੇਠਾਂ ਨੂੰ ਹੀ ਜਾ ਰਹੀ ਹੈ।

2050 ਤੱਕ 1.5 ਅਰਬ ਵਾਧੂ ਲੋਕਾਂ ਨੂੰ ਖੁਆਉਣ ਦੀ ਚੁਣੌਤੀ ਬਿਲਕੁਲ ਪੇਸ਼ ਆ ਸਕਦੀ ਹੈ ਪਰ ਕਾਰਜਯੋਜਨਾ ''ਮੂਨਸ਼ੌਟ'' ਪਹੁੰਚ ਮੁਤਾਬਿਕ ਬਣਨੀ ਚਾਹੀਦੀ ਹੈ ਜਿਹੜੀ ਪਹਿਲਾਂ ਖੇਤੀ ਨੂੰ ਲਾਹੇਵੰਦ ਵਿਹਾਰਕ ਧੰਦਾ ਬਣਾਏ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਕਣਕ** : ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਮਾਨ ਤੋਂ ਬਚਾਉਣ ਲਈ ਅਤੇ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ) ਪਹਿਲਾ ਸਪਰੇਅ



ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਐਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰੋ । ਜਦੋਂ ਚੇਪੇ ਦਾ ਹਮਲਾ 5 ਚੇਪੇ ਪ੍ਰਤੀ ਸਿੱਟਾ ਪਹੁੰਚ ਜਾਵੇ ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦੇ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ 2 ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਤਾਕਤ (ਥਾਇਆਮਿਥਾਕਸਮ) ਦਾ ਛਿੜਕਾਅ 80-100 ਲਿਟਰ ਪਾਣੀ ਵਿਚ ਘੋਲ ਕੇ ਕਰੋ ।

**ਬਹਾਰ ਰੁੱਤ ਦੀ ਮੱਕੀ** : ਨਦੀਨਾਂ ਦਾ ਖਾਤਮਾ ਕਰਨ ਲਈ ਐਟਰਾਟਾਫ 50 ਡਬਲਯੂ (ਐਟਰਾਜੀਨ), 500 ਗ੍ਰਾਮ/ਏਕੜ ਹਲਕੀਆਂ ਜ਼ਮੀਨਾਂ ਵਿਚ ਅਤੇ 800 ਗ੍ਰਾਮ/ਏਕੜ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਛਿੜਕਾਅ ਦੋ ਦਿਨਾਂ ਦੇ ਵਿੱਚ-ਵਿੱਚ 200 ਲਿਟਰ ਪਾਣੀ ਪਾ ਕੇ ਕਰੋ ।

**ਦਾਲਾਂ** : ਵਧੀਆ ਝਾੜ ਲਈ ਸਮੇਂ ਸਿਰ ਬੀਜੀ ਮਸਰ ਦੀ ਫਸਲ ਨੂੰ ਲੋੜ ਅਨੁਸਾਰ ਪਾਣੀ ਲਾਓ ।

**ਕਮਾਦ** : ਸਿਫਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-96, ਸੀ ਓ ਪੀ ਬੀ-95, ਸੀ ਓ ਪੀ ਬੀ-92, ਸੀ ਓ-15023, ਸੀ ਓ-118, ਸੀ ਓ ਜੇ-85, ਸੀ ਓ ਜੇ-64 (ਅਗੇਤੀਆਂ ਕਿਸਮਾਂ) ਸੀ ਓ ਪੀ ਬੀ-98, ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ-238 ਅਤੇ ਸੀ ਓ ਜੇ-88 (ਦਰਮਿਆਨੀਆਂ ਅਤੇ ਪਿਛੇਤੀਆਂ ਪੱਕਣ ਵਾਲੀਆਂ) ਕਿਸਮਾਂ ਵਰਤੋ ।



**ਤੇਲ ਬੀਜ** : ਜੇਕਰ ਸਰ੍ਹੋਂ ਤੇ ਚੇਪੇ ਦਾ ਹਮਲਾ ਹੋਵੇ ਤਾਂ 40 ਗ੍ਰਾਮ ਐਕਟਾਰਾ/ਦੋਤਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 125 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ । ਛਿੜਕਾਅ ਦੁਪਹਿਰ ਬਾਅਦ ਕਰਨਾ ਚਾਹੀਦਾ ਹੈ ।

**ਸੂਰਜਮੁੱਖੀ** : ਸੂਰਜਮੁੱਖੀ ਦੀ ਫਸਲ ਨੂੰ ਲੋੜ ਅਨੁਸਾਰ ਪਾਣੀ ਦਿਓ ।

**ਚਾਰੇ** : ਅਗੇਤੇ ਚਾਰੇ ਦੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ । ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕੁਆਲਿਟੀ ਦਾ ਹਰਾ ਚਾਰਾ ਦਿੰਦੇ ਹਨ । ਚਾਰੇ ਦੀ ਕਮੀ ਵਾਲੇ ਦਿਨਾਂ ਲਈ ਬਰਸੀਮ ਅਤੇ ਜਵੀ ਨੂੰ ਸੰਭਾਲ ਲਵੋ । ਬੀਜ ਲਈ ਰੱਖੇ ਬਰਸੀਮ ਦੇ ਖੇਤ ਵਿਚੋਂ ਕਾਸ਼ਨੀ ਨਦੀਨ ਪੁੱਟ ਦਿਓ ।

**ਸਬਜ਼ੀਆਂ** : ਇਹ ਸਮਾਂ ਖਰਬੂਜ਼ਾ, ਹਦਵਾਣਾ, ਕੱਦੂ ਅਤੇ ਹਲਵਾ ਕੱਦੂ ਦੀ ਨਰਸਰੀ ਨੂੰ ਪਹਿਲਾਂ ਤਿਆਰ ਖੇਤ ਵਿਚ ਲਗਾਉਣ ਲਈ ਢੁੱਕਵਾਂ ਹੈ । ਬੀਜਣ ਤੋਂ ਪਹਿਲਾਂ ਪਲਾਸਟਿਕ ਦੇ ਲਿਫਾਫੇ ਉਤਾਰ ਲਓ । ਘੀਆ ਕੱਦੂ ਦੀਆਂ ਪੰਜਾਬ ਬਰਕਤ, ਪੰਜਾਬ ਕੋਮਲ ਅਤੇ ਪੰਜਾਬ ਬਹਾਰ, ਚੱਪਣ ਕੱਦੂ ਦੀ ਚੱਪਣ ਕੱਦ ਨੰਬਰ 1, ਖਰਬੂਜ਼ੇ ਦੀਆਂ ਐਮ ਐਚ-27, ਐਮ ਐਚ-51, ਪੰਜਾਬ ਅੰਮ੍ਰਿਤ, ਪੰਜਾਬ ਸਰਦਾ ਅਤੇ ਹਰਾ ਮਧੂ, ਹਦਵਾਣੇ ਦੀ ਪੰਜਾਬ ਮਿਠਾਸ, ਟੀਂਡੇ ਦੀ ਪੰਜਾਬ ਟੀਂਡਾ-1, ਕਰੇਲੇ ਦੀ ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲਾ-15 ਅਤੇ ਪੰਜਾਬ ਕਰੇਲੀ ਨੰ. 1, ਕਾਲੀ ਤੋਰੀ ਦੀ ਪੰਜਾਬ ਨਿਖਾਰ, ਹਲਵਾ ਕੱਦੂ ਦੀਆਂ ਪੀ ਪੀ ਐਚ-1, ਪੰਜਾਬ ਨਵਾਬ ਅਤੇ ਪੰਜਾਬ ਮਗਜ਼ ਕੱਦੂ-1, ਖੀਰੇ ਦੀ ਪੰਜਾਬ ਨਵੀਨ ਕਿਸਮ ਢੁੱਕਵੀਂ ਹੈ । ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ ।

**ਬਾਗਬਾਨੀ** : ਬੇਰ, ਨਿੰਬੂ ਜਾਤੀ ਆੜੂ ਅਤੇ ਅਲੂਚੇ ਦੇ ਬਾਗਾਂ ਨੂੰ ਹਲਕਾ ਪਾਣੀ ਲਗਾਓ ਅਤੇ ਸਿਫਾਰਿਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਪਾਓ । ਵੱਖ-ਵੱਖ ਫਲਦਾਰ ਬੂਟਿਆਂ ਨੂੰ ਲੱਗਣ ਵਾਲੇ ਰਸ ਚੂਸਣ ਵਾਲੇ ਕੀੜਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਸਿਫਾਰਿਸ਼ਾਂ ਮੁਤਾਬਿਕ ਛਿੜਕਾਅ ਕਰੋ । ਨਿੰਬੂਜਾਤੀ ਦੇ ਬੂਟਿਆਂ ਦਾ ਸਿੱਟਰਸਸਿੱਲਾ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰੋਕੋਡਾਈਲ / ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ / ਦੋਤਾਰਾ (ਥਾਇਆਮੈਥੋਕਸਮ) ਜਾਂ 6.25 ਲਿਟਰ ਮੈਕ ਐਚ. ਐਮ. ਓ (ਹਾਰਟੀਕਲਚਰ ਮਿਨਰਲਆਇਲ) ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਫੁੱਲ ਆਉਣ ਤੋਂ



ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਸਦਾ ਬਹਾਰ ਕਿਸਮਾਂ ਦੇ ਫਲਦਾਰ ਬੂਟਿਆਂ ਦੀ ਲਵਾਈ ਸ਼ੁਰੂ ਕਰ ਲਵੋ । ਨਿੰਬੂ ਜਾਤੀ ਵਿਚ ਗੂੰਦੀਆਂ (ਪੈਰ ਗਲਣਾ/ਹੇਠਾਂ ਤੋਂ ਤਣੇ ਦਾ ਗਲਣਾ) ਰੋਗ ਨੂੰ ਰੋਕਣ ਲਈ 25 ਗ੍ਰਾਮ ਕਰਜੇਟ ਐਮ-8 ਨੂੰ 10 ਲਿਟਰ ਪਾਣੀ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੇ ਆਲੇ-ਦੁਆਲੇ ਗੜੁੱਚ ਕਰੋ । ਇਸ ਤੋਂ ਇਲਾਵਾ ਇਸਦੀ ਰੋਕਥਾਮ ਲਈ ਸੋਡੀਅਮ ਹਾਈਪੋਕਲੋਰਾਈਟ (5%) 50 ਮਿ.ਲਿ. ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਮੁੱਢਾਂ ਅਤੇ ਛੱਤਰੀ ਹੇਠ ਛਿੜਕਿਆ ਜਾ ਸਕਦਾ ਹੈ । ਅੰਬਾਂ ਵਿੱਚ ਚਿੱਟੋਂ ਦੀ ਰੋਕਥਾਮ ਲਈ ਇਸ ਮਹੀਨੇ ਕੈਰਾਥੇਨ 1.0 ਗ੍ਰਾਮ ਘੁਲਣਸ਼ੀਲ ਜਾਂ ਗੰਧਕ 2.5 ਗ੍ਰਾਮ ਜਾਂ 1.0 ਮਿ.ਲੀ. ਕੰਟਾਫ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਫੁੱਲ ਨਿਕਲਣ ਤੋਂ ਪਹਿਲਾਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਝੜਨ ਤੱਕ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ । ਅੰਬਾਂ ਵਿਚ ਛੜੱਪਾ ਮਾਰ ਤੇਲੇ ਦੀ ਰੋਕਥਾਮ ਲਈ 200 ਮਿਲੀਲਿਟਰ ਕੋਨਫੀਡੋਰ 17.8 ਐਸ. ਐਲ. (ਈਮਾਡਾਕਲੋਪਰਿਡ) ਨੂੰ 500 ਲਿਟਰ ਪਾਣੀ ਵਿਚ ਘੋਲ ਨਵਾਂ ਫਲ ਆਉਣ ਤੋਂ ਪਹਿਲਾਂ ਪ੍ਰਤੀ ਏਕਣ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਪਸ਼ੂ ਪਾਲਣ** : ਸਾਫ ਦੁੱਧ ਦੀ ਗੁਣਵੱਤਾ ਨੂੰ ਲੰਬੇ ਸਮੇਂ ਤੱਕ ਬਣਾਕੇਰੱਖਿਆ ਜਾ ਸਕਦਾ ਹੈ ਅਤੇ ਉਸਦੀ ਸੁਰੱਖਿਅਤ ਰਹਿਣ ਦੀ ਮਿਆਦ ਵੀ ਵੱਧ ਹੁੰਦੀ ਹੈ । ਇਸ ਲਈ ਦੁੱਧ ਦੇ ਸਾਫ-ਸੁਥਰੇ ਹੋਣ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ, ਤਾਂ ਜੋ ਉਸਦੇ ਉਪਯੋਗ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਟਾਈਫਾਇਡ ਬੁਖਾਰ, ਸਕਾਰਲੈਟ ਬੁਖਾਰ, ਡਿਪਥੀਰੀਆ ਅਤੇ ਟੀ.ਬੀ. ਤੋਂ ਬਚਿਆ ਜਾ ਸਕੇ । ਦੁੱਧ ਵਿਚ ਜੀਵਾਣੂੰਆਂ ਦੇ ਸੰਕ੍ਰਮਣ ਦੇ ਲਈ ਮੁੱਖ ਤੌਰ ਤੇ ਪਸ਼ੂ ਦਾ ਪਿਛਲਾ ਹਿੱਸਾ ਅਤੇ ਥਣਾਂ ਦਾ ਸਾਫ ਨਾ ਹੋਣਾ, ਇਸਦੇ ਇਲਾਵਾ ਦੋਧੀ ਦੀ ਨਿੱਜੀ ਸਾਫ-ਸਫਾਈ, ਦੁੱਧ ਚੋਣ ਦੀ ਜਗ੍ਹਾ ਅਤੇ ਦੁੱਧ ਦੇ ਬਰਤਨ ਤੇ ਉਪਕਰਨ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ । ਇਸ ਲਈ ਦੁੱਧ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਦੇ ਲਈ ਦੁੱਧ ਵਿਚ ਹੋਣ ਵਾਲੀ ਗੰਦਗੀ ਨੂੰ ਦੁੱਧ ਉਤਪਾਦਨ ਦੇ ਪੱਧਰ ਤੇ ਹੀ ਨਿਯੰਤ੍ਰਤ ਕੀਤਾ ਜਾਣਾ ਚਾਹੀਦਾ ਹੈ ।



# ਕੱਦੂ ਜਾਤੀ ਦੀਆਂ ਸਬਜ਼ੀਆਂ ਦੀਆਂ ਮੁੱਖ ਸਮੱਸਿਆਵਾਂ ਅਤੇ ਹੱਲ

ਬੀ ਐੱਸ ਸੇਖੋਂ, ਸਿਮਰਨਜੀਤ ਕੌਰ ਅਤੇ ਗੁਰਮੇਲ ਸਿੰਘ ਸੰਧੂ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ, ਮੋਬਾਇਲ : 78328-48550

## ਕੀੜੇ ਮਕੌੜਿਆਂ ਦੀ ਸਰਵਪੱਖੀ ਰੋਕਥਾਮ ਲਈ ਜ਼ਰੂਰੀ ਨੁਕਤੇ

| ਹਮਲੇ ਦਾ ਸ਼ੁਰੂਆਤੀ ਸਮਾਂ | ਕੀੜਾ | ਰੋਕਥਾਮ ਦਾ ਢੰਗ |
| --- | --- | --- |
| ਫਰਵਰੀ-ਮਾਰਚ | ਲਾਲ ਭੂੰਡੀ | ਜੰਮ ਤੋਂ ਬਾਅਦ ਪੱਤਿਆਂ ਉੱਪਰ ਗੋਹੇ ਦੀ ਸਵਾਹ ਦਾ 3-4 ਵਾਰਜ ਹਫਤੇ ਦੇ ਵਕਫੇ ਤੇ ਧੂੜਾ ਦਿਓ । |
| | ਚੇਪਾ | ਨਾਈਟ੍ਰੋਜਨ ਖਾਦ ਸਿਫਾਰਸ਼ ਅਨੁਸਾਰ ਹੀ ਪਾਓ ਅਤੇ ਚੇਪੇ ਦੇ ਬਦਲਵੇਂ ਨਦੀਨਾਂ ਨੂੰ ਨਸ਼ਟ ਕਰੋ । |
| | ਚਿੱਟੀ ਮੱਖੀ | ਹਮਲਾ ਹੋਣ ਤੇ ਇਕ ਤੋਂ ਦੋ ਛਿੜਕਾਅ 1200 ਮਿਲੀਲਿਟਰ *ਪੀ.ਏ.ਯੂ. ਨਿੰਮ ਦਾ ਘੋਲ 100-125 ਲਿਟਰ ਪਾਣੀ ਵਿਚ ਘੋਲ ਕੇ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । |
| ਅਖੀਰ ਮਾਰਚ-ਅਪ੍ਰੈਲ<br>ਅਖੀਰ ਜੂਨ-ਜੁਲਾਈ | ਫਲ ਦੀ ਮੱਖੀ | ਕੱਦੂ ਜਾਤੀ ਦੀਆਂ ਸਬਜ਼ੀਆਂ ਵਾਲੇ ਖੇਤ ਵਿਚ 8-10 ਮੀਟਰ ਦੀ ਵਿੱਥ ਤੇ ਮੱਕੀ ਦੀ ਲਾਈਨਾਂ ਵਿਚ ਬਿਜਾਈ ਕਰੋ । ਇਸ ਕੀੜੇ ਦੀ ਰੋਕਥਾਮ ਲਈ ਮੱਕੀ ਦੇ ਬੂਟਿਆਂ ਉੱਪਰ ਮੈਲਾਥੀਆਨ+ਗੁੜ ਜਾਂ ਖੰਡ ਦੇ ਘੋਲ (20 ਮਿਲੀਲਿਟਰ ਮੈਲਾਥੀਆਨ 50 ਈ ਸੀ ਤੇ 200 ਗ੍ਰਾਮ ਗੁੜ ਜਾਂ ਖੰਡ 20 ਲਿਟਰ ਪਾਣੀ ਵਿਚ) ਦਾ ਛਿੜਕਾਅ ਕਰੋ ਕਿਉਂਕਿ ਫਲ ਦੀ ਮੱਖੀ ਨੂੰ ਅਜਿਹੇ ਉੱਚੇ ਪੌਦਿਆਂ ਤੇ ਆਰਾਮ ਕਰਨ ਦੀ ਆਦਤ ਹੁੰਦੀ ਹੈ । ਇਸ ਕੀੜੇ ਦੀ ਰੋਕਥਾਮ ਲਈ ਪੀ.ਏ.ਯੂ. ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਵੀ ਹੇਠ ਲਿਖੇ ਅਨੁਸਾਰ ਵਰਤੇ ਜਾ ਸਕਦੇ ਹਨ । |

| ਫਸਲ | ਬਹਾਰ ਰੁੱਤ ਦੀ ਫਸਲ | ਬਰਸਾਤੀ ਫਸਲ |
| --- | --- | --- |
| ਕਰੇਲਾ | ਮਾਰਚ ਦੇ 3-4 ਹਫਤੇ | ਜੂਨ ਦੇ ਆਖਰੀ ਹਫਤੇ |
| ਤੋਰੀ | ਅਪ੍ਰੈਲ ਦੇ 3-4 ਹਫਤੇ | ਜੂਨ ਦੇ ਆਖਰੀ ਹਫਤੇ |

**ਪਰ ਪਰਾਗਣ ਦੀ ਸਮੱਸਿਆ** : ਕੱਦੂ ਜਾਤੀ ਦੀਆਂ ਸਬਜ਼ੀਆਂ ਵਿਚ ਨਰ ਅਤੇ ਮਾਦਾ ਫੁੱਲ ਦੀ ਦੂਰੀ ਅਤੇ ਪਰ-ਪਰਾਗਣ ਕਰਨ ਵਾਲੇ ਕੀੜਿਆਂ ਦੀ ਨਾਮਾਤਰ ਜਾਂ ਘੱਟ ਗਿਣਤੀ ਕਾਰਨ ਮਾਦਾ ਫੁੱਲਾਂ ਦੇ ਸੁੱਕ ਜਾਣਾ ਨਾਲ ਝਾੜ ਉੱਪਰ ਬੁਰਾ ਅਸਰ ਪੈਂਦਾ ਹੈ । ਫੁੱਲਾਂ ਤੋਂ ਫਲ ਬਣਨ ਦੀ ਪ੍ਰਕ੍ਰਿਆ ਵਿਚ ਵਾਧਾ ਕਰਨ ਲਈ ਹੇਠ ਦਰਸਾਏ ਨੁਕਤੇ ਵਰਤੋ ।

★ ਘਰੇਲੂ ਪੱਧਰ ਤੇ ਸਵੇਰ ਦੇ ਸਮੇਂ ਹੱਥਾਂ ਨਾਲ ਪਰ-ਪਰਾਗਣ ਕਰਨ ਨਾਲ ਫਲਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਸਕਦਾ ਹੈ । ਇਸ ਲਈ ਸਵੇਰੇ ਅੱਠ ਵਜੇ ਦੀ ਕਰੀਬ ਨਰ ਫੁੱਲ (ਖੁੱਲੀ ਹੋਈ ਅਵਸਥਾ ਵਿਚ) ਨੂੰ ਤੋੜ ਲਵੋ ਅਤੇ ਇਸ ਦੇ ਫੁੱਲ ਦੀਆਂ ਪੱਤੀਆਂ ਲਾਹ ਦਿਓ । ਨਰ ਫੁੱਲ ਦੇ ਪਰਾਗ ਵਾਲੇ ਹਿੱਸੇ ਨੂੰ ਮਾਦਾ ਫੁੱਲ (ਖੁੱਲੀ ਹੋਈ ਅਵਸਥਾ ਵਿਚ) ਉੱਪਰ ਫੇਰ ਕੇ ਪਰਾਗਣ ਕੀਤਾ ਜਾ ਸਕਦਾ ਹੈ । ★ ਜੇਕਰ ਫਸਲ ਜ਼ਿਆਦਾ ਰਕਬੇ ਵਿਚ ਲੱਗੀ ਹੋਵੇ ਤਾਂ ਮਧੂ ਮੱਖੀਆਂ ਦੇ ਬਕਸੇ ਰੱਖ ਕੇ ਵੀ ਪਰ ਪਰਾਗਣ ਵਧਾਇਆ ਜਾ ਸਕਦਾ ਹੈ । ★ ਕੀਟਨਾਸ਼ਕਾਂ ਦੀ ਸਪਰੇਅ ਦੁਪਹਿਰ ਸਮੇਂ ਨਾ ਕਰੋ ਕਿਉਂਕਿ ਇਸ ਸਮੇਂ ਪਰ ਪਰਾਗ ਕਰਨ ਵਾਲੇ ਕੀੜੇ ਖੇਤ ਵਿਚ ਜ਼ਿਆਦਾ ਹਰਕਤ ਵਿਚ ਹੁੰਦੇ ਹਨ ।

ਹੋਲੇ ਮਹੱਲੇ 'ਤੇ ਵਿਸ਼ੇਸ਼

# ਹੋਲੀ ਤੋਂ ਹੋਲਾ ਮਹੱਲਾ

# ਵਿਲਾਸਤਾ ਤੋਂ ਬਹਾਦਰੀ ਦਾ ਸਫਰ

ਭਾਰਤ ਅਜਿਹਾ ਖੁਸ਼ਕਿਸਮਤ ਦੇਸ਼ ਹੈ, ਜਿੱਥੇ ਕੁਦਰਤ ਦੇ ਸਾਰੇ ਮੌਸਮ ਆਉਂਦੇ ਹਨ। ਇਨ੍ਹਾਂ ਮੌਸਮਾਂ ਦੇ ਆਗਮਨ ਅਤੇ ਅਲਵਿਦਾ ਆਖਣ ਲਈ ਵਿਸ਼ੇਸ਼ ਤਿਉਹਾਰ ਮਨਾਏ ਜਾਂਦੇ ਹਨ। ਇਸ ਮੌਕੇ ਮਨੁੱਖੀ ਜੀਵਨ ਜੀਵਨ ਨੂੰ ਸਹੀ ਜਾਚ ਸਿਖਾਉਣ ਅਤੇ ਸਮਾਜ ਵਿੱਚੋਂ ਕੁਰੀਤੀਆਂ ਨੂੰ ਦੂਰ ਕਰਨ ਲਈ ਵਿਸ਼ੇਸ਼ ਸੁਨੇਹੇ ਵੀ ਦਿੱਤੇ ਜਾਂਦੇ ਹਨ। ਸਮੇਂ ਦੇ ਬੀਤਣ ਨਾਲ ਦਿੱਤੇ ਜਾਣ ਵਾਲੇ ਸੰਦੇਸ਼ ਮਨਫੀ ਹੋ ਗਏ ਹਨ ਅਤੇ ਇਹ ਤਿਉਹਾਰ ਖਾਣ ਪੀਣ ਤੇ ਮੌਜ ਮਸਤੀ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਜੀਵਨ ਜਾਂਚ ਦੇਣ ਲਈ ਸਾਰੇ ਤਿਉਹਾਰਾਂ, ਜਿਨ੍ਹਾਂ ਵਿਚ ਵਿਸਾਖੀ, ਦੁਸਹਿਰਾ, ਦਿਵਾਲੀ ਅਤੇ ਹੋਲੀ ਪ੍ਰਮੁੱਖ ਹਨ, ਨੂੰ ਅਜਿਹੀਆਂ ਕਹਾਣੀਆਂ ਨਾਲ ਜੋੜਿਆ ਗਿਆ ਹੈ, ਜਿਨ੍ਹਾਂ ਰਾਹੀਂ ਬਦੀ ਤੇ ਨੇਕੀ ਦੀ ਜਿੱਤ ਨੂੰ ਦਰਸਾਇਆ ਗਿਆ ਹੈ। ਇਨ੍ਹਾਂ ਸਾਖੀਆਂ ਰਾਹੀਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਇਹ ਤਿਉਹਾਰ ਬਦੀ ਤੇ ਨੇਕੀ ਦੀ ਜਿੱਤ ਦੀ ਖੁਸ਼ੀ ਵਿਚ ਮਨਾਏ ਜਾਂਦੇ ਹਨ। ਇਸੇ ਕਰਕੇ ਸਾਨੂੰ ਸਾਰਿਆਂ ਨੂੰ ਬਦੀ ਤੋਂ ਦੂਰ ਰਹਿਣਾ ਚਾਹੀਦਾ ਹੈ।

ਆਪਣੇ ਆਪ ਨੂੰ ਸਭ ਤੋਂ ਉੱਤਮ ਸਮਝਣ ਵਾਲੇ ਬ੍ਰਾਹਮਣਾ ਨੇ ਜਿੱਥੇ ਸਾਰੀ ਲੋਕਾਈ ਨੂੰ ਚਾਰ ਵਰਣਾਂ ਵਿਚ ਵੰਡਿਆ, ਉੱਥੇ ਤਿਉਹਾਰਾਂ ਦੀ ਵਰਗਵੰਡ ਕਰ ਦਿੱਤੀ। ਆਪਣੇ ਲਈ ਉਨ੍ਹਾਂ ਵਿਸਾਖੀ ਰੱਖ ਲਈ ਅਤੇ ਉਦੋਂ ਹੀ ਕਾਰੋਬਾਰੀ ਨਵਾਂ ਸਾਲ ਸ਼ੁਰੂ ਕਰ ਲਿਆ। ਕਿਸਾਨਾਂ ਦੇ ਘਰ ਨਵੀਂ ਫਸਲ ਆਉਣ ਤੇ ਹੀ ਕਿਸਾਨ ਪੁੰਨ ਦਾਨ ਅਤੇ ਪੂਜਾ ਪਾਠ ਕਰਵਾਉਣ ਦੇ ਸਮਰੱਥ ਹੁੰਦਾ ਹੈ। ਕਸ਼ੱਤਰੀਆਂ ਨੂੰ ਦੁਸਹਿਰੇ ਨਾਲ ਜੋੜਿਆ ਗਿਆ ਹੈ ਕਿਉਂਕਿ ਇਸੇ ਦਿਨ ਕਸ਼ੱਤਰੀਆਂ ਨੇ ਬਦੀ ਦੇ ਸਰੂਪ ਰਾਵਣ ਤੇ ਜਿੱਤ ਪ੍ਰਾਪਤ ਕੀਤੀ ਸੀ।



ਦਿਵਾਲੀ ਦਾ ਤਿਉਹਾਰ ਵੈਸ਼ਾਂ ਦੇ ਨਾਂ ਕਰ ਦਿੱਤਾ। ਨਵੀਂ ਫਸਲ ਆਉਣ ਨਾਲ ਕਿਸਾਨ ਦੇ ਘਰ ਰੌਣਕ ਹੋ ਜਾਂਦੀ ਹੈ ਤੇ ਦਿਵਾਲੀ ਸਮੇਂ ਉਹ ਖੁੱਲ੍ਹ ਕੇ ਖਾ ਪੀ ਸਕਦੇ ਹਨ। ਹੋਲੀ ਨੂੰ ਸ਼ੂਦਰਾਂ ਦੇ ਹਵਾਲੇ ਕਰ ਦਿੱਤਾ ਗਿਆ, ਜਿਸ ਦਿਨ ਉਹ ਭੰਗ ਦੇ ਨਸ਼ੇ ਵਿਚ ਇਕ ਦੂਜੇ ਤੇ ਰੰਗ ਤੇ ਚਿੱਕੜ ਸੁੱਟ ਕੇ ਮਨ ਪ੍ਰਚਾਵਾ ਕਰਦੇ ਹਨ।

ਉਂਜ ਹੋਲੀ ਵੀ ਇਕ ਪਵਿੱਤਰ ਦਿਨ ਹੈ। ਇਕ ਕਥਾ ਅਨੁਸਾਰ ਹੋਲੀ ਵੀ ਨੇਕੀ ਦੀ ਬਦੀ ਤੇ ਜਿੱਤ ਦਾ ਪ੍ਰਤੀਕ ਹੈ। ਹੋਲਕਾਂ ਦੇ ਰੂਪ ਵਿਚ ਬਦੀ ਤੇ ਪ੍ਰਹਿਲਾਦ ਰੂਪੀ ਨੇਕੀ ਦੀ ਜਿੱਤ ਹੋਈ ਸੀ। ਸਮੇਂ ਦੇ ਬੀਤਣ ਨਾਲ ਇਹ ਤਿਉਹਾਰ ਆਪਣੇ ਅਸਲੀ ਮੰਤਵ ਨੂੰ ਭੁੱਲ ਕੇ ਕੇਵਲ ਮੌਜ ਮਸਤੀ ਦਾ ਪ੍ਰਤੀਕ ਬਣ ਗਿਆ। ਨਸ਼ੇ ਵਿਚ ਮਦਹੋਸ਼ ਹੋਏ ਮਰਦ ਔਰਤਾਂ ਕੋਝੀਆਂ ਹਰਕਤਾਂ ਵੀ ਕਰਦੇ ਸਨ। ਅਸਲ ਵਿਚ ਹੋਲੀ ਸਿਆਲ ਨੂੰ ਅਲਵਿਦਾ ਆਖ ਬਸੰਤ ਦੇ ਆਗਮਨ ਦੀ

ਡਾ. ਰਣਜੀਤ ਸਿੰਘ

ਖੁਸ਼ੀ ਦਾ ਤਿਉਹਾਰ ਹੈ। ਵਰ੍ਹੇ ਦੇ ਆਖਰੀ ਮਹੀਨੇ ਫੱਗਣ ਵਿਚ ਆਉਂਦੀ ਹੈ ਹੋਲੀ। ਇਹ ਉਹ ਮਹੀਨਾ ਹੈ, ਜਦੋਂ ਮਿਹਨਤ ਦਾ ਫਲ ਪੈਂਦਾ ਹੈ। ਸਾਰੀਆਂ ਫਸਲਾਂ ਵਿਚ ਦਾਣਾ ਇਸੇ ਮਹੀਨੇ ਹੀ ਪੱਕਦਾ ਹੈ। ਰੁੱਖਾਂ ਨੂੰ ਨਵਾਂ ਪੁੰਗਾਰਾ ਫੁੱਟਦਾ ਹੈ। ਫੁੱਲਾਂ ਦੀ ਸੁਗੰਧੀ ਸਾਰੇ ਵਾਤਾਵਰਣ ਵਿਚ ਘੁਲ ਜਾਂਦੀ ਹੈ ਅਤੇ ਜੀਵਨ ਮੁੜ ਅੰਗੜਾਈ ਲੈਣ ਲਗਦਾ ਹੈ। ਅਜਿਹੇ ਸੁੰਦਰ ਮੌਸਮ ਦੇ ਸੁੰਦਰ ਤਿਉਹਾਰ ਵਾਲੇ ਦਿਨ ਆਪਣੇ ਆਪ ਨੂੰ ਕਰੂਪ ਕਰਕੇ ਨਸ਼ੇ ਵਿਚ ਧੁੱਤ ਹੋ ਕੇ ਹੋਸ਼ ਗੁਆਉਣੀ ਸ਼ੋਭਾ ਨਹੀਂ ਦਿੰਦੀ। ਇਹ ਦਿਨ ਤਾਂ ਕੁਝ ਨਵਾਂ ਕਰਨ ਦੇ ਹੁੰਦੇ ਹਨ। ਹਰ ਪਾਸੇ ਮੌਲੀ ਬਨਸਪਤੀ ਤਾਂ ਉਤਸ਼ਾਹ ਦਾ ਪ੍ਰਤੀਕ ਹੈ ਅਤੇ ਕੁਝ ਕਰ ਸਕਣ ਲਈ ਆਪਣੇ ਆਪ ਨੂੰ ਤਿਆਰ ਕਰਨ ਦਾ ਮੌਕਾ ਹੈ। ਇਸੇ ਸੱਚ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦਾ ਰੂਪ ਬਦਲ ਕੇ ਸਾਕਾਰ ਕੀਤਾ। ਉਨ੍ਹਾਂ ਹੋਲੀ ਨੂੰ ਹੋਲੇ ਵਿਚ ਤਬਦੀਲ ਕਰਕੇ ਇਸ ਵਿਲਾਸਤਾ ਦੇ ਚੁੰਗਲ ਵਿੱਚੋਂ ਕੱਢ ਕੇ ਬਹਾਦਰੀ ਦੇ ਰਾਹ ਪਾਇਆ।

ਦਸਮੇਸ਼ ਪਿਤਾ ਇਹ ਜਾਣਦੇ ਸਨ ਕਿ ਨਿਮਾਣੇ, ਨਿਤਾਣੇ ਤੇ ਲਿਤਾੜੇ ਜਾ ਰਹੇ ਲੋਕ ਆਪਣੇ ਹੱਕਾਂ ਦੀ ਲੜਾਈ ਉਦੋਂ ਹੀ ਲੜ ਸਕਣਗੇ, ਜਦੋਂ ਉਨ੍ਹਾਂ ਦੇ ਤਨ ਅਤੇ ਮਨ ਨਿਰੋਗ ਹੀ ਨਹੀਂ ਸਗੋਂ ਮਜਬੂਤ ਹੋਣਗੇ। ਮਨ ਦੀ ਮਜਬੂਤੀ ਲਈ ਉਹ ਸਮਝਦੇ ਸਨ ਕਿ ਗਿਆਨ ਰੂਪੀ ਪ੍ਰਕਾਸ਼ ਨਾਲ ਹੀ ਅਗਿਆਨਤਾ, ਜ਼ਬਰ, ਜ਼ੁਲਮ, ਵੈਰ, ਵਿਰੋਧ, ਨਫਰਤ ਅਤੇ ਊਚ ਨੀਚ ਨੂੰ ਦੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਅੰਧ ਵਿਸ਼ਵਾਸ਼ਾਂ ਨੂੰ ਤੋੜ ਲੋਕਾਈ ਨੂੰ ਗੁਰ ਉਪਦੇਸ਼ ਅਨੁਸਾਰ ਸੱਚਾ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਗੁਰੂ ਜੀ ਨੇ ਆਪਣੇ ਮੰਤਵ ਦੀ ਪੂਰਤੀ ਲਈ ਰਵਾਇਤੀ ਤਿਉਹਾਰ ਦੀ ਵਰਤੋਂ ਕੀਤੀ। ਉਨ੍ਹਾਂ ਨੇ ਇਨ੍ਹਾਂ ਨੂੰ ਨਵਾਂ ਰੂਪ ਅਤੇ ਮੰਤਵ ਦਿੱਤਾ। ਵਿਸਾਖੀ, ਜਿਸ ਨੂੰ ਸਭ ਤੋਂ ਪਵਿੱਤਰ ਤਿਉਹਾਰ ਮੰਨਿਆ ਜਾਂਦਾ ਸੀ, ਗੁਰੂ ਜੀ ਨੇ ਇਸੇ ਦਿਨ ਨੂੰ ਖਾਲਸੇ ਦੀ ਸਿਰਜਣਾ ਲਈ ਚੁਣਿਆ। ਇਸ ਦਿਨ ਨੂੰ ਖਾਲਸੇ ਦੀ ਸਿਰਜਣਾ ਕਰਕੇ ਗੁਰੂ ਜੀ ਨੇ ਸਮਾਜ ਵਿਚ ਸਦੀਆਂ ਤੋਂ ਪਈਆਂ ਵੰਡੀਆਂ ਨੂੰ ਤਲਵਾਰ ਦੇ ਇੱਕੋ ਝਟਕੇ ਨਾਲ ਖਤਮ ਕਰ ਦਿੱਤਾ ਅਤੇ ਆਪਣੇ ਬਚਨ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਸੱਚ ਕਰ ਵਿਖਾਇਆ।

ਹੋਲੀ ਜਿਹੜੀ ਬਦੀ ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਸੀ, ਉਸ ਨੂੰ ਸੱਚਮੁੱਚ ਬਦੀ ਦੇ ਵਿਰੁੱਧ ਲੜਾਈ ਲਈ ਲੋਕਾਂ ਨੂੰ ਤਿਆਰ ਕਰਨ ਲਈ ਹੋਲੇ ਦਾ ਰੂਪ ਦੇ



ਦਿੱਤਾ। ਗੁਰੂ ਜੀ ਨੇ ਸ਼ੂਦਰ ਸਮਝੇ ਨਿਮਾਣੇ ਲੋਕਾਂ ਨੂੰ ਨਸ਼ਿਆਂ ਦੇ ਚੁੰਗਲ ਵਿੱਚੋਂ ਕੱਢ ਸਵੈ-ਭਰੋਸੇ ਦੀ ਪਾਹੁਲ ਪਿਲਾ ਹਥਿਆਰ ਚੁੱਕਣ ਲਈ ਤਿਆਰ ਕੀਤਾ। ਹੋਲੀ ਵਾਲੇ ਦਿਨ ਰੰਗ ਵਿਲਾਸ ਕਰਨ ਦੀ ਥਾਂ ਹਥਿਆਰਾਂ ਨਾਲ ਖੇਡਣਾ ਸਿਖਾਇਆ। ਗੁਲਾਮ ਲੋਕਾਂ ਨੂੰ ਇਕ ਦਿਨ ਮਿਲੀ ਆਜ਼ਾਦੀ ਦਾ ਭੁਲੇਖਾ ਸੀ। ਤੇ ਇਸੇ ਭੁਲੇਖੇ ਵਿਚ ਉਹ ਹੋਲੀ ਨੂੰ ਵਿਲਾਸ ਤੇ ਬੇਕਾਰਾਂ ਦੀ ਵਰਤੋਂ ਲਈ ਵਰਤਣ ਲੱਗ ਪਏ ਸਨ। ਗੁਰੂ ਜੀ ਨੇ ਸਮਝਾਇਆ ਕਿ ਜੇ ਤੁਸੀਂ ਸਚਮੁੱਚ ਦੀ ਆਜ਼ਾਦੀ ਅਤੇ ਬਰਾਬਰੀ ਪ੍ਰਾਪਤ ਕਰਨੀ ਚਾਹੁੰਦੇ ਹੋ ਤਾਂ ਆਪਣੇ ਅੰਦਰ ਦੀ ਤਾਕਤ ਨੂੰ ਪਛਾਣੋਂ, ਸੁੱਤੀ ਜ਼ਮੀਰ ਨੂੰ ਜਗਾਵੋ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਹਥਿਆਰ ਚੁੱਕੋ। ਇਸ ਤਾਕਤ ਦਾ ਨਮੂਨਾ ਲੋਕੀਂ ਭੰਗਾਣੀ ਦੇ ਯੁੱਧ ਸਮੇਂ ਵੇਖ ਚੁੱਕੇ ਸਨ।

ਗੁਰੂ ਜੀ ਨੇ ਸਮਾਜ ਦੇ ਕਮਜ਼ੋਰ ਸਮਝੇ ਜਾਂਦੇ ਵਰਗ ਨੂੰ ਹੋਲੀ ਦੀਆਂ ਰੰਗ ਰਲੀਆਂ ਵਲੋਂ ਮੋੜ ਕੇ ਹੋਲੇ ਮਹੱਲੇ ਦੇ ਰੂਪ ਵਿਚ ਬੀਰਤਾ ਦਾ ਪ੍ਰਗਟਾਵਾ ਕਰਨ ਲਈ ਉਤਸ਼ਾਹਿਤ ਕੀਤਾ। ਪੁਰਾਣੇ ਰਿਵਾਜਾਂ ਨੂੰ ਉਹ ਹੀ ਖਤਮ ਕਰਕੇ ਗੁਰੂ ਜੀ ਨੇ ਹੋਲੀ ਦੀ ਥਾਂ ਹੋਲਾ ਤਿਉਹਾਰ ਬਣਾ ਦਿੱਤਾ ਹੋਲੇ ਮੌਕੇ ਆਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਹੋਣ ਲੱਗ ਪਏ, ਜਿੱਥੇ ਤੀਰ, ਤਲਵਾਰਾਂ, ਗਤਕੇ ਆਦਿ ਦੇ ਮਾਹਿਰ ਆਪਣੇ ਕਰਤੱਬ ਦਿਖਾਉਂਦੇ ਅਤੇ ਇਨਾਮ ਪ੍ਰਾਪਤ ਕਰਦੇ। ਇੰਜ ਸ਼ਸਤਰ ਵਿਦਿਆ ਦਾ ਇਕ ਨਵਾਂ ਦੌਰ ਸ਼ੁਰੂ ਹੋ ਗਿਆ। ਹੱਥਾਂ ਵਿਚ ਟੋਕਰੀਆਂ, ਝਾੜੂ, ਹਲ, ਕਹੀਆਂ ਫੜਨ ਵਾਲੇ ਲੋਕਾਂ ਨੇ ਜਦੋਂ ਤਲਵਾਰਾਂ ਨੂੰ ਹੱਥਾਂ ਵਿਚ ਫੜਿਆ ਤਾਂ ਇਤਿਹਾਸ ਦਾ ਰੁਖ ਹੀ ਪਲਟ ਦਿੱਤਾ। ਨਿਮਾਣੇ ਤੇ ਨੀਚ ਸਮਝੇ ਜਾਂਦੇ ਲੋਕਾਂ ਨੇ ਧੌਣਾਂ ਨੂੰ ਉੱਚਾ ਚੁੱਕਿਆ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਲੋਕਾਂ ਦੇ ਮਨਾਂ ਵਿੱਚੋਂ ਮੌਤ ਦਾ ਡਰ ਕੱਢ ਕੇ ਉਨ੍ਹਾਂ ਨੂੰ ਮਰਜੀਵੜੇ ਬਣਾਇਆ। ਗੁਰੂ ਜੀ ਨੇ ਕੇਵਲ ਆਪਣੇ ਸਿੱਖਾਂ ਨੂੰ ਹੀ ਸੀਸ ਤਲੀ ਤੇ ਰੱਖਣ ਲਈ ਨਹੀਂ ਆਖਿਆ, ਸਗੋਂ ਆਪ ਵੀ ਆਪਣਾ ਸਾਰਾ ਸਰਬੰਸ ਇਨ੍ਹਾਂ ਦੀ ਰਾਖੀ ਲਈ ਕੁਰਬਾਨ ਕਰ ਦਿੱਤਾ।

ਗੁਰੂ ਜੀ ਨੇ ਨਸ਼ਿਆਂ ਨੂੰ ਤਿਆਗ ਸਰੀਰ ਅਤੇ ਮਨ ਦੀ ਤੰਦਰੁਸਤੀ ਤੇ ਜ਼ੋਰ ਦਿੱਤਾ ਸੀ। ਹੋਲੀ ਨੂੰ ਹੋਲੇ ਵਿਚ ਤਬਦੀਲ ਕਰਨ ਦਾ ਮੰਤਵ ਹੀ ਇਹੋ ਸੀ। ਹੁਣ ਗੁਰੂ ਦੇ ਸਿੰਘ ਨਸ਼ਿਆਂ ਦੀ ਵਰਤੋਂ ਵਿਚ ਸਭ ਤੋਂ ਅੱਗੇ ਹਨ। ਜਿਹੜੇ ਸਿੰਘਾਂ ਨੂੰ ਸੰਸਾਰ ਦੇ ਸਭ ਤੋਂ ਵਧੀਆ ਕਿਸਾਨ ਅਤੇ ਜੁਆਨ ਮੰਨਿਆ ਜਾਂਦਾ ਸੀ। ਹੁਣ ਉਨ੍ਹਾਂ ਖੇਤਾਂ ਵਿਚ ਕੰਮ ਕਰਨਾ ਛੱਡ ਦਿੱਤਾ ਹੈ। ਸਾਡੇ ਨੌਜਵਾਨਾਂ ਦੇ ਜਿਸਮ ਫੌਜ ਵਿਚ ਭਰਤੀ ਦੀਆਂ ਮੁੱਢਲੀਆਂ ਸ਼ਰਤਾਂ ਪੂਰੀਆਂ ਕਰਨ ਵਿਚ ਅਸਮਰੱਥ ਹੋ ਗਏ ਹਨ। ਸੰਤ ਸਿਪਾਹੀ ਬਣਨ ਦੀ ਥਾਂ ਪੰਜਾਬੀ ਭ੍ਰਿਸ਼ਟਾਚਾਰ ਵਿਚ ਮੋਹਰੀ ਬਣ ਗਏ ਹਨ। ਸੰਤੋਖ ਦੀ ਥਾਂ ਵਿਖਾਵੇ ਲਈ ਫਜ਼ੂਲ ਖਰਚੀ ਕਾਰਨ ਕਿਸਾਨ ਕਰਜ਼ੇ ਹੇਠ ਦੱਬੇ ਪਏ ਹਨ। ਜਿਸ ਦਲੇਰ ਕੌਮ ਦਾ ਨਿਰਮਾਣ ਗੁਰੂ ਜੀ ਨੇ ਕੀਤਾ ਸੀ, ਉਹ ਹਾਲਾਤ ਤੋਂ ਘਬਰਾ ਕੇ ਬੁਜ਼ਦਿਲਾਂ ਵਾਂਗ ਖੁਦਕੁਸ਼ੀਆਂ ਕਰ ਰਹੀ ਹੈ।

**ਲੋੜ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਦੀ ਹੈ। ਹੋਲੀ ਨੂੰ ਹੋਲੇ ਮਹੱਲੇ ਦੇ ਰੂਪ ਵਿਚ ਮਨਾਉਣ ਸਮੇਂ ਗੁਰੂ ਜੀ ਦੇ ਹੁਕਮਾਂ ਅਨੁਸਾਰ ਬੱਚਿਆਂ ਨੂੰ ਉਨ੍ਹਾਂ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਈਏ ਤੇ ਮੁੜ ਪੰਜਾਬੀਆਂ ਨੂੰ ਬਹਾਦਰੀ ਦਾ ਪ੍ਰਤੀਕ ਬਣਾਈਏ। ਗੁਰੂ ਜੀ ਨੇ ਸਾਨੂੰ ਗਿਆਨ ਦੇ ਲੜ ਲਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੌਮ ਨੂੰ ਸ਼ਬਦ ਦੇ ਲੜ ਲਾਇਆ। ਅਸੀਂ ਆਪਣੇ ਗੁਰੂ ਤੋਂ ਬੇਮੁਖ ਹੋ ਗਏ ਹਾਂ। ਗੁਰੂ ਜੀ ਦੇ ਅੱਗੇ ਆਪਣੀਆਂ ਮੰਗਾਂ ਨੂੰ ਮੰਗਣ ਲਈ ਹੀ ਮੱਥਾ ਟੇਕਣ ਜਾਂਦੇ ਹਾਂ। ਗੁਰੂ ਜੀ ਦੇ ਹੁਕਮਾਂ ਤੋਂ ਅਣਜਾਣ ਹਾਂ। ਜਿਹੜੇ ਜਾਣਦੇ ਹਨ, ਉਹ ਵੀ ਇਨ੍ਹਾਂ ਤੋਂ ਦੂਰ ਹੋ ਰਹੇ ਹਨ। ਕੌਮ ਦੀ ਚੜ੍ਹਦੀਕਲਾ ਲਈ ਲੋਕਾਈ ਨੂੰ ਸ਼ਬਦ ਗੁਰੂ ਦੇ ਉਪਦੇਸ਼ਾਂ ਨਾਲ ਜੋੜੀਏ, ਆਪਣੇ ਸ਼ਾਨਾਮੱਤੇ ਇਤਿਹਾਸ ਨਾਲ ਨਾਤਾ ਜੋੜੀਏ। ਕੁਰੀਤੀਆਂ ਤੋਂ ਦੂਰ ਹੋ ਕੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਨਾਲ ਨਾਤਾ ਜੋੜੀਏ। ਗੁਰੂ ਜੀ ਵੱਲੋਂ ਬਖਸ਼ਿਸ਼ ਜੀਵਨ ਜਾਚ ਅਪਨਾ ਕੇ ਸਾਰੇ ਸੰਸਾਰ ਲਈ ਰਾਹ ਦਸੇਰੇ ਬਣੀਏ।**

ਬਾਕੀ ਸਫਾ 3 ਦੀ

## ਕਿਸਾਨਾਂ ਲਈ ਗਿਆਨ ਪ੍ਰਾਪਤੀ ਦੇ ਸੋਮੇ ਕਿਸਾਨ ਮੇਲੇ

ਇਤਨਾ ਸਮਾਂ ਨਹੀਂ ਕਿ ਇਨ੍ਹਾਂ ਨੂੰ ਪੂਰਾ ਪੜ੍ਹਿਆ ਜਾਵੇ। ਵਿਭਾਗ ਦੀ ਪ੍ਰਾਪਤੀਆਂ ਦੱਸਣ ਦੀ ਲੋੜ ਨਹੀਂ ਹੈ ਸਗੋਂ ਆਉਣ ਵਾਲੀ ਸਾਉਣ ਦੀਆਂ ਫਸਲਾਂ ਸਬੰਧੀ ਨਵੀਆਂ ਅਤੇ ਜਰੂਰੀ ਜਾਣਕਾਰੀਆਂ ਸੁਚੱਜੇ ਢੰਗ ਨਾਲ ਪ੍ਰਦਰਸ਼ਿਤ ਕੀਤੀਆਂ ਜਾਣ। ਮੇਲੇ ਦੇ ਰਾਹ ਨੂੰ ਵਿਸ਼ੇਸ਼ ਸੁਨੇਹਿਆਂ ਰਾਹੀਂ ਸ਼ਿੰਗਾਰਿਆ ਜਾਵੇ ਤਾਂ ਜੋ ਕਿਸਾਨ ਇਨ੍ਹਾਂ ਨੂੰ ਮਨ ਵਸਾਵੇ ਤੇ ਇਨ੍ਹਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰੇ।

ਮੇਲੇ ਵਿਚ ਆਉਣ ਵਾਲੇ ਕਿਸਾਨਾਂ ਨੂੰ ਵੀ ਅਪੀਲ ਹੈ ਕਿ ਜੇਕਰ ਹੋ ਸਕੇ ਤਾਂ ਆਪਣੇ ਨਾਲ ਆਪਣੀਆਂ ਜੀਵਨ ਸਾਥਣਾਂ ਨੂੰ ਵੀ ਜ਼ਰੂਰ ਲਿਆਵੋ। ਉਨ੍ਹਾਂ ਦੇ ਸਿੱਖਣ ਲਈ ਵੀ ਬਹੁਤ ਕੁੱਝ ਹੈ। ਤੁਸੀਂ ਦੂਰੋਂ ਦੂਰੋਂ ਪੈਸੇ ਖਰਚ ਕਰਕੇ ਆਉਂਦੇ ਹੋ ਇਸ ਕਰਕੇ ਕੇਵਲ ਬੀਜ ਖਰੀਦ ਕੇ ਹੀ ਵਾਪਸ ਨਾ ਚਲੇ ਜਾਵੋ ਸਗੋਂ ਨਵੀਆਂ ਜਾਣਕਾਰੀਆਂ ਵਾਲੀਆਂ ਪ੍ਰਦਰਸ਼ਨੀਆਂ ਜਰੂਰ ਵੇਖੋ। ਸਿੱਧੀ ਬਿਜਾਈ ਵਾਲੇ ਕਣਕ ਦੇ ਖੇਤੀ ਵਾਲੇ ਖੇਤ, ਪਰਾਲੀ ਦੀ ਸਾਂਭ ਸੰਭਾਲ ਦੇ ਢੰਗ ਤਰੀਕਿਆਂ ਦੇ ਪ੍ਰਦਰਸ਼ਨ ਜਰੂਰ ਵੇਖੇ ਜਾਣ। ਬੀਬੀਆਂ ਨੂੰ ਭੋਜਨ ਵਿਗਿਆਨ ਅਤੇ ਕਮਿਊਨਿਟੀ ਕਾਲਜ ਦੀਆਂ ਪ੍ਰਦਰਸ਼ਨੀਆਂ ਜਰੂਰ ਵੇਖਣੀਆਂ ਚਾਹੀਦੀਆਂ ਹਨ। ਸਸਤਾ ਅਤੇ ਸੰਤੁਲਿਤ ਭੋਜਨ ਕਿਵੇਂ ਤਿਆਰ ਕੀਤਾ ਜਾ ਸਕਦਾ ਹੈ। ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਕਿਉਂਕਿ ਪੰਜਾਬ ਵਾਸੀਆਂ ਵਿਚ ਸੰਤੁਲਿਤ ਭੋਜਨ ਦੀ ਘਾਟ ਆ ਰਹੀ ਹੈ ਜਿਸ ਦਾ ਅਸਰ ਉਨ੍ਹਾਂ ਦੀ ਸਿਹਤ ਉੱਤੇ ਪੈ ਰਿਹਾ ਹੈ। ਹਾੜ੍ਹੀ ਦੀ ਮੁੱਖ ਫਸਲ ਕਣਕ ਹੈ। ਉਹ ਕਿਸਮਾਂ ਬਾਰੇ ਗਿਆਨ ਪ੍ਰਾਪਤ ਕਰੋ ਮੌਸਮੀ ਤਬਦੀਲੀਆਂ ਦਾ ਮੁਕਾਬਲਾ ਕਰ ਸਕਦੀਆਂ ਹਨ। ਵੱਧ ਝਾੜ ਦੇਣ ਵਾਲੀਆਂ ਸਰ੍ਹੋਂ ਰਾਇਆ ਅਤੇ ਤੋਰੀਏ ਦੀਆਂ ਕਿਸਮਾਂ ਦੇ ਖੇਤ ਵੇਖੋ। ਖੇਤੀ ਵਿਚ ਤੁਹਾਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਲਿਖ ਲਿਆਉ ਅਤੇ ਸਬੰਧਿਤ ਮਾਹਿਰ ਨਾਲ ਇਸ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਜਾਵੇ। ਗਰਮੀਆਂ ਦੀਆਂ ਸਬਜ਼ੀਆਂ ਦੀ ਬਿਜਾਈ ਹੋ ਰਹੀ ਹੈ। ਸਬਜ਼ੀਆਂ ਦੇ ਬੀਜਾਂ ਵਾਲੀ ਕਿੱਟ ਜਰੂਰ ਲੈ ਕੇ ਜਾਵੋ ਅਤੇ ਬੰਬੀ ਲਾਗੇ ਸਬਜ਼ੀਆਂ ਦੀ ਬਗੀਚੀ ਬਣਾਈ ਜਾਵੇ। ਭੋਜਨ ਵਿਚ ਸਬਜ਼ੀਆਂ ਦਾ ਹੋਣਾ ਜਰੂਰੀ ਹੈ ਪਰ ਇਨ੍ਹਾਂ ਦਾ ਪੂਰਾ ਲਾਭ ਘਰ ਦੀ ਤਾਜ਼ੀ ਸਬਜ਼ੀ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਫਲਦਾਰ ਬੂਟੇ ਅਜੇ ਵੀ ਲਗਾਏ ਜਾ ਸਕਦੇ ਹਨ। ਯੂਨੀਵਰਸਿਟੀ ਦੀਆਂ ਕਿਤਾਬਾਂ ਦੇ ਸਟਾਲ ਤੇ ਜ਼ਰੂਰ ਜਾਵੋ ਅਤੇ ਆਪਣੀ ਲੋੜ ਅਨੁਸਾਰ ਕਿਤਾਬਾਂ ਦੀ ਖਰੀਦ ਕਰੋ। ਇਹ ਗਿਆਨ ਦਾ ਮੇਲਾ ਹੈ। ਇਥੋਂ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਕੇ ਜਾਣਾ ਚਾਹੀਦਾ ਹੈ ਤਾਂ ਜੋ ਮੇਲੇ ਵਿਚ ਆਉਣ ਦਾ ਪੂਰਾ ਲਾਭ ਪ੍ਰਾਪਤ ਹੋ ਸਕੇ। ਲੁਧਿਆਣੇ ਵਾਲਾ ਮੇਲਾ 21-22 ਮਾਰਚ ਨੂੰ ਹੋ ਰਿਹਾ ਹੈ। ਜੇਕਰ ਕਿਸੇ ਕਾਰਨ ਇਥੇ ਨਾ ਆਇਆ ਜਾ ਸਕੇ ਤਾਂ ਆਪਣੇ ਇਲਾਕੇ ਵਿਚ ਲੱਗਣ ਵਾਲੇ ਮੇਲੇ ਵਿਚ ਜਰੂਰ ਜਾਵੋ। ਫਰੀਦਕੋਟ 11 ਮਾਰਚ, ਗੁਰਦਾਸਪੁਰ 13 ਮਾਰਚ, ਰੌਣੀ (ਪਟਿਆਲਾ) 25 ਮਾਰਚ ਅਤੇ ਬਠਿੰਡਾ ਵਿਖੇ 18 ਮਾਰਚ ਨੂੰ ਮੇਲਾ ਲਗਾਇਆ ਜਾਵੇਗਾ। ਮੇਲੇ ਵਿਚ ਹੁੰਮ-ਹੁੰਮਾ ਕੇ ਆਵੋ ਯੂਨੀਵਰਸਿਟੀ ਤੁਹਾਡਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ।

# ਪੀ.ਏ.ਯੂ. ਦੇ ਕਿਸਾਨ ਮੇਲਿਆਂ ਵਿੱਚ ਮਹਿਲਾਵਾਂ ਦਾ ਯੋਗਦਾਨ

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.), ਲੁਧਿਆਣਾ, ਖੇਤੀਬਾੜੀ ਵਿਚ ਨਵੀਆਂ ਖੋਜਾਂ ਕਰਨ ਅਤੇ ਪੇਂਡੂ ਭਾਈਚਾਰੇ ਦੇ ਸਰਵਪੱਖੀ ਵਿਕਾਸ ਲਈ ਲੰਮੇ ਸਮੇਂ ਤੋਂ ਅਗਵਾਈ ਕਰ ਰਹੀ ਹੈ। ਇਸ ਦੀਆਂ ਕਈ ਪਹਿਲਕਦਮੀਆਂ ਵਿੱਚੋਂ, ਪੀ. ਏ. ਯੂ. ਦੇ ਕਿਸਾਨ ਮੇਲੇ, ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਸਸ਼ਕਤੀਕਰਨ ਦਾ ਇਕ ਪ੍ਰਤੀਕ ਬਣੇ ਹਨ।

**ਸ਼ੌਕ ਤੋਂ ਸਫਲ ਉੱਦਮ ਤੱਕ ਦਾ ਸਫਰ**

ਪੀ. ਏ. ਯੂ. ਦੇ ਕਿਸਾਨ ਮੇਲੇ, ਅਨੇਕਾ ਕਿਸਾਨ ਅਤੇ ਪੇਂਡੂ ਬੀਬੀਆਂ ਦੇ ਜੀਵਨ ਪੱਧਰ ਵਿਚ ਉਸਾਰੂ ਬਦਲਾਅ ਲਿਆਉਣ ਦੇ ਅਹਿਮ ਸਰੋਤ ਸਾਬਤ ਹੋਏ ਹਨ। ਨਤੀਜਨ, ਉਹ ਆਪਣੇ ਹੁਨਰ, ਰੁਚੀਆਂ ਜਾਂ ਲੋੜਾਂ ਨੂੰ ਰੋਜ਼ਗਾਰ ਵਿਚ ਤਬਦੀਲ ਕਰ ਰਹੀਆਂ ਹਨ। ਇਹ ਕਿਸਾਨ ਮੇਲੇ ਉਹਨਾਂ ਨੂੰ ਆਪਣੇ ਉਤਪਾਦਾਂ ਨਾਲ ਮਿਲਾਉਂਦੇ ਹਨ, ਜਿੱਥੇ ਉਹ ਮਾਰਕੀਟ ਦੇ ਰੁਝਾਨਾਂ ਅਤੇ ਖਰੀਦਦਾਰਾਂ ਦੀਆਂ ਲੋੜਾਂ ਨੂੰ ਸਮਝ ਸਕਦੀਆਂ ਹਨ। ਇਸ ਤਜ਼ਰਬੇ ਨਾਲ ਮਹਿਲਾਵਾਂ ਆਪਣੇ ਘਰ ਤਿਆਰ ਕੀਤੇ ਉਤਪਾਦਾਂ ਦੀ ਵਿਕਰੀ ਅਤੇ ਕੀਮਤ ਤੈਅ ਕਰਨ ਦੇ ਨਵੇਂ ਢੰਗ ਸਿੱਖਦੀਆਂ ਹਨ।

**ਪ੍ਰਤਿਭਾ ਅਤੇ ਨਵੀਨਤਾ ਦੀ ਪ੍ਰਦਰਸ਼ਨੀ**

ਪੀ. ਏ. ਯੂ. ਦੇ ਕਿਸਾਨ ਮੇਲਿਆਂ ਵਿਚ ਉੱਦਮੀ ਔਰਤਾਂ ਦੇ ਉਤਪਾਦਾਂ ਦੀਆਂ ਸਟਾਲਾਂ ਇਕ ਵਿਸ਼ੇਸ਼ ਖਿੱਚ ਦਾ ਕੇਂਦਰ ਹੁੰਦੀਆਂ ਹਨ। ਇਨ੍ਹਾਂ ਸਟਾਲਾਂ ਉੱਤੇ ਹਰ ਕਿਸਮ ਦੇ ਘਰੇਲੂ ਅਤੇ ਸ਼ੁੱਧ ਉਤਪਾਦ ਮਿਲਦੇ ਹਨ ਜਿਵੇਂ ਕਿ ਅਚਾਰ, ਜੈਮ,




ਚਟਨੀ, ਮੁਰੱਬੇ, ਹੱਥਾਂ ਨਾਲ ਸਜਾਏ ਸੂਟ, ਬੇਕਰੀ ਉਤਪਾਦ, ਪਿੰਨੀਆਂ, ਮਸਾਲੇ ਅਤੇ ਹੋਰ ਵਧੇਰੇ ਮੁੱਲ ਵਾਲੇ ਉਤਪਾਦ। ਹਰ ਉਤਪਾਦ ਪਿੱਛੇ ਇਕ ਔਰਤ ਦੀ ਅਦਭੁਤ ਕਹਾਣੀ ਹੁੰਦੀ ਹੈ। ਉਹ ਕਹਾਣੀ ਜੋ ਉਨ੍ਹਾਂ ਦੇ ਆਤਮ-ਨਿਰਭਰ ਬਣਨ ਅਤੇ ਆਰਥਿਕ ਮਜ਼ਬੂਤੀ ਦੀ ਯਾਤਰਾ ਬਿਆਨ ਕਰਦੀ ਹੈ।

**ਉੱਦਮੀ ਔਰਤਾਂ ਦੀ ਸਫਲਤਾ ਦਾ ਸਨਮਾਨ**

ਪੀ. ਏ. ਯੂ. ਦੇ ਕਿਸਾਨ ਮੇਲਿਆਂ 'ਤੇ ਮਹਿਲਾਵਾਂ ਦੇ ਕੌਸ਼ਲ ਅਤੇ ਸਿਰਜਨਾਤਮਕਤਾ ਨੂੰ ਪ੍ਰਗਟ ਕਰਨ ਲਈ ਵੱਖ-ਵੱਖ ਮੁਕਾਬਲੇ ਆਯੋਜਿਤ ਕੀਤੇ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਕੱਢਾਈ, ਬੁਣਾਈ, ਲਿਫਾਫਿਆਂ ਦੀ ਸਜਾਵਟ, ਗਮਲਿਆਂ ਦੀ ਸਜਾਵਟ, ਕਰੋਸ਼ੀਏ ਦਾ ਕੰਮ ਅਤੇ ਦੀਵਿਆਂ ਦੀ ਸਜਾਵਟ ਵਰਗੇ ਹੁਨਰ ਸ਼ਾਮਿਲ ਹਨ। ਇਸ ਤੋਂ ਇਲਾਵਾ ਹਰ ਸਾਲ ਪੰਜਾਬ ਵਿਚ ਖੇਤੀਬਾੜੀ ਅਤੇ ਸੰਬੰਧਿਤ ਖੇਤੀਬਾੜੀ ਉੱਦਮਾਂ ਵਿਚ ਸ਼ਾਮਲ ਕਿਸਾਨ ਔਰਤਾਂ ਨੂੰ ਸਤੰਬਰ ਮਹੀਨੇ ਦੇ ਕਿਸਾਨ ਮੇਲੇ ਦੌਰਾਨ ''ਸਰਦਾਰਨੀ ਜਗਬੀਰ ਕੌਰ ਗਰੇਵਾਲ ਮੈਮੋਰੀਅਲ ਇਨੋਵੇਟਿਵ ਵੂਮੈਨ ਫਾਰਮਰ ਐਵਾਰਡ'' ਨਾਲ ਸਨਮਾਨਿਆ ਜਾਂਦਾ ਹੈ।

**ਮਹਿਲਾ ਸਸ਼ਕਤੀਕਰਨ ਦਾ ਇਕ ਚਾਨਣ ਮੁਨਾਰਾ**

ਪੀ. ਏ. ਯੂ. ਦੇ ਕਿਸਾਨ ਮੇਲੇ ਮਹਿਲਾਵਾਂ ਲਈ ਇਕ ਅਹਿਮ ਮੰਚ ਪੇਸ਼ ਕਰਦੇ ਹਨ, ਜਿੱਥੇ ਉਹ ਸਵੈ-ਨਿਰਭਰ ਬਣਨ ਦੇ ਨਾਲ-ਨਾਲ ਸਮਾਜਿਕ ਵਿਕਾਸ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜੋ ਮਹਿਲਾਵਾਂ ਪਹਿਲਾਂ ਆਪਣੇ ਘਰ ਦਾ ਗੁਜ਼ਾਰਾ ਚਲਾਉਣ ਲਈ ਸੰਘਰਸ਼ ਕਰਦੀਆਂ ਸਨ, ਉਹ ਅੱਜ ਸਫਲ ਕਾਰੋਬਾਰ ਚਲਾ ਰਹੀਆਂ ਹਨ ਅਤੇ ਹੋਰਨਾਂ ਲੋਕਾਂ ਲਈ ਵੀ ਰੋਜ਼ਗਾਰ ਦੇ ਮੌਕੇ ਪੈਦਾ ਕਰ ਰਹੀਆਂ ਹਨ। ਇਹ ਮੇਲੇ ਇਸ ਵਿਚਾਰਧਾਰਾ ਨੂੰ ਵੀ ਸਹੀ ਸਿੱਧ ਕਰਦੇ ਹਨ ਕਿ ਇਕ ਮਹਿਲਾ ਨੂੰ ਸਸ਼ਕਤ ਬਣਾਉਣ ਨਾਲ ਸਿਰਫ ਉਸ ਦੇ ਪਰਿਵਾਰ ਦਾ ਹੀ ਨਹੀਂ, ਸਗੋਂ ਪੂਰੇ ਸਮਾਜ ਦਾ ਵਿਕਾਸ ਹੁੰਦਾ ਹੈ। ਪੀ.ਏ.ਯੂ. ਦੇ ਕਿਸਾਨ ਮੇਲਿਆਂ ਦੀ ਸਫਲਤਾ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ ਹਰ ਸਾਲ ਮੇਲਿਆਂ ਤੋਂ ਪ੍ਰਾਪਤ ਗਿਆਨ ਅਤੇ ਤਜ਼ਰਬੇ ਦੀ ਮਦਦ ਨਾਲ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਲੀਆਂ ਕਿਸਾਨ ਅਤੇ ਪੇਂਡੂ ਬੀਬੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

**ਵਿਤਸਤਾ ਅਤੇ ਮਨਦੀਪ ਸਿੰਘ, ਪੀ. ਏ. ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਮੋ. 96467-42585**

# ਟਮਾਟਰਾਂ ਦੀਆਂ ਬਿਮਾਰੀਆਂ ਅਤੇ ਰੋਕਥਾਮ

**ਰਜਿੰਦਰ ਸਿੰਘ ਬੱਲ, ਸੁਨੀਲ ਕਸ਼ਯਪ ਤੇ ਯਾਮਿਨੀ ਸ਼ਰਮਾ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਗੁਰਦਾਸਪੁਰ**

**ਟਮਾਟਰ ਦੀ ਫ਼ਸਲ ਤੋਂ ਜ਼ਿਆਦਾ ਝਾੜ ਲੈਣ ਲਈ**



**ਇਨ੍ਹਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਦੀ ਸਹੀ ਪਛਾਣ ਕਰਨੀ ਚਾਹੀਦੀ ਹੈ। ਇਸ ਦੇ ਨਾਲ ਬਿਮਾਰੀ ਦੇ ਵਧਣ ਦੇ ਕਾਰਨਾਂ ਦਾ ਵੀ ਪਤਾ ਹੋਣਾ ਅਹਿਮ ਹੈ। ਪਿਛੇਤਾ ਝੁਲਸ ਰੋਗ ਇਸ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਕਰਦਾ ਹੈ...**

ਟਮਾਟਰ ਦੀ ਫ਼ਸਲ ਉੱਪਰ ਕਈ ਬਿਮਾਰੀਆਂ ਅਤੇ ਕੀੜੇ-ਮਕੌੜੇ ਹਮਲਾ ਕਰਦੇ ਹਨ। ਜੇਕਰ ਸਮੇਂ ਸਿਰ ਇਨ੍ਹਾਂ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਬਹੁਤ ਨੁਕਸਾਨ ਹੋ ਸਕਦਾ ਹੈ। ਟਮਾਟਰ ਦੀ ਫ਼ਸਲ ਤੋਂ ਜ਼ਿਆਦਾ ਝਾੜ ਲੈਣ ਲਈ ਇਨ੍ਹਾਂ ਬਿਮਾਰੀਆਂ ਦੀ ਸਹੀ ਪਛਾਣ ਕਰਨੀ ਜ਼ਰੂਰੀ ਹੈ। ਇਸ ਦੇ ਨਾਲ ਬਿਮਾਰੀ ਦੇ ਵਧਣ ਦੇ ਕਾਰਨਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ। ਇਸ ਲੇਖ ਵਿੱਚ ਕੁਝ ਅਜਿਹੀ ਹੀ ਜਾਣਕਾਰੀ ਸਾਂਝੀ ਕੀਤੀ ਹੈ, ਜਿਸ ਤੋਂ ਕਿਸਾਨ ਭਰਾ ਲਾਭ ਲੈ ਕੇ ਫ਼ਸਲ ਦੀਆਂ ਬਿਮਾਰੀਆਂ ਸੁਚੱਜੀ ਰੋਕਥਾਮ ਕਰ ਸਕਦੇ ਹਨ।



**ਪਿਛੇਤਾ ਝੁਲਸ ਰੋਗ**

ਇਸ ਬਿਮਾਰੀ ਨਾਲ ਟਮਾਟਰ ਦੀ ਫ਼ਸਲ ਦਾ ਭਾਰੀ ਨੁਕਸਾਨ ਹੁੰਦਾ ਹੈ। ਪੱਤਿਆਂ ਉੱਤੇ ਪਾਣੀ ਭਿੱਜੇ ਦਾਗ ਪੈ ਜਾਂਦੇ ਹਨ ਅਤੇ ਥੋੜ੍ਹੇ ਸਮੇਂ ਵਿੱਚ ਹੀ ਪੱਤੇ ਝੁਲਸ ਜਾਂਦੇ ਹਨ। ਤਣੇ ਉੱਤੇ ਵੀ ਪਹਿਲਾਂ ਪਾਣੀ ਭਿੱਜੇ ਅਤੇ ਫਿਰ ਭੂਰੇ, ਲੰਬੂਤਰੇ ਦਾਗ ਪੈ ਜਾਂਦੇ ਹਨ। ਫਿਰ ਇਹ ਬਿਮਾਰੀ ਕੱਚੇ ਟਮਾਟਰਾਂ 'ਤੇ ਚੱਲੀ ਜਾਂਦੀ ਹੈ, ਜਿਸ ਕਰਕੇ ਫ਼ਲਾਂ 'ਤੇ ਵੱਡੇ-ਵੱਡੇ ਸਖਤ ਭੂਰੇ ਹਰੇ ਚਟਾਖ ਪੈ ਜਾਂਦੇ ਹਨ। ਸਿੱਲ੍ਹ ਕਾਰਨ ਧੱਬਿਆਂ ਉੱਤੇ ਉੱਲੀ ਦਾ ਚਿੱਟਾ ਰੇਸ਼ਾ ਦਿਖਾਈ ਦਿੰਦਾ ਹੈ ਅਤੇ ਬਾਅਦ ਵਿੱਚ ਟਮਾਟਰ ਗਲ ਜਾਂਦੇ ਹਨ। ਮੀਂਹ ਅਤੇ ਪਾਣੀ ਨਾਲ ਬਿਮਾਰੀ ਅੱਗੇ ਵੱਧ ਜਾਂਦੀ ਹੈ ਅਤੇ ਅਨੁਕੂਲ ਮੌਸਮ ਦੌਰਾਨ ਕੁਝ ਦਿਨਾਂ ਵਿੱਚ ਹੀ ਫ਼ਸਲ ਤਬਾਹ ਹੋ ਜਾਂਦੀ ਹੈ। ਇਸ ਬਿਮਾਰੀ ਦਾ ਟਾਕਰਾ ਕਰਨ ਵਾਲਾ ਹਾਈਬ੍ਰਿਡ ਪੀ. ਟੀ. ਐਚ.-2 ਲਗਾਓ। ਇਸ ਦੀ ਰੋਕਥਾਮ ਲਈ ਫਰਵਰੀ-ਮਾਰਚ ਦੌਰਾਨ 7 ਦਿਨਾਂ ਦੇ ਵਕਫੇ 'ਤੇ ਇੰਡੋਫਿਲ ਐਮ-45 ਦਾ 600 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ।

**ਜੜ੍ਹ ਗੰਢ ਨੀਮਾਟੋਡ**

ਇਹ ਬਿਮਾਰੀ ਇੱਕ ਨੀਮਾਟੋਡ ਕਰਕੇ ਹੁੰਦੀ ਹੈ, ਜੋ ਕਿ ਧੌੜੀਆਂ ਵਿੱਚ ਹਮਲਾ ਕਰਦਾ ਹੈ। ਇਸ ਰੋਗ ਦੇ ਕਾਰਨ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਆਕਾਰ ਵਿੱਚ ਛੋਟੇ ਰਹਿੰਦੇ ਹਨ। ਬੂਟਿਆਂ ਦੀਆਂ ਜੜ੍ਹਾਂ ਉੱਤੇ ਗੰਢਾਂ ਬਣ ਜਾਂਦੀਆਂ ਹਨ। ਹਮਲੇ ਵਾਲੇ ਬੂਟੇ ਛੋਟੇ ਰਹਿ ਜਾਂਦੇ ਹਨ। ਨੀਮਾਟੋਡ ਦੇ ਹਮਲੇ ਨਾਲ ਫ਼ਸਲ ਵਿਰਲੀ ਅਤੇ ਮਾੜੀ ਰਹਿੰਦੀ ਹੈ। ਇਹ ਨੀਮਾਟੋਡ ਜ਼ਮੀਨ ਵਿੱਚ ਪਲਦੇ ਹਨ ਅਤੇ ਕਈ ਫ਼ਸਲਾਂ 'ਤੇ ਹਮਲਾ ਕਰਦੇ ਹਨ। ਆਮ ਤੌਰ 'ਤੇ ਗਰਮ ਮੌਸਮ ਅਤੇ ਰੇਤਲੀਆਂ ਜ਼ਮੀਨਾਂ ਵਿੱਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ। ਇਸ ਬਿਮਾਰੀ ਤੋਂ ਬਚਾਅ ਲਈ ਅਜਿਹੇ ਖੇਤਾਂ ਨੂੰ ਮਈ-ਜੂਨ ਦੇ ਮਹੀਨੇ ਦੌਰਾਨ ਵਾਹ ਕੇ ਚੰਗੀ ਤਰ੍ਹਾਂ ਧੁੱਪ ਲਵਾਉਣੀ ਚਾਹੀਦੀ ਹੈ। ਬਿਮਾਰੀ ਵਾਲੀਆਂ ਜ਼ਮੀਨਾਂ ਵਿੱਚ ਸਣ ਜਾਂ ਗੇਂਦੇ ਦੀ ਫ਼ਸਲ ਨੂੰ ਹਰੀ ਖਾਦ ਦੇ ਤੌਰ 'ਤੇ ਵਰਤਣਾ ਚਾਹੀਦਾ ਹੈ। ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀ ਹਾਈਬ੍ਰਿਡ ਪੀ. ਟੀ. ਐਚ.-2 ਜਾਂ ਪੰਜਾਬ ਐਨ. ਆਰ.-7 ਕਿਸਮ ਬੀਜੋ। ਪੌਲੀ/ਨੈਟ ਹਾਊਸ ਵਿੱਚ ਟਮਾਟਰ ਦੀ ਫ਼ਸਲ ਲਾਉਣ ਤੋਂ ਪਹਿਲਾਂ 1 ਮਿਲੀਲੀਟਰ ਵੇਲਮ ਪ੍ਰਾਈਮ ਨੂੰ 10 ਲੀਟਰ ਪਾਣੀ ਵਿੱਚ ਘੋਲ ਲਵੋ ਅਤੇ ਇਸ ਘੋਲ ਨਾਲ 1 ਲੀਟਰ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਜ਼ਮੀਨ ਨੂੰ ਗੜੁੱਚ ਕਰਨਾ ਚਾਹੀਦਾ ਹੈ।

**ਚਿੱਤਕਬਰਾ ਰੋਗ**

ਇਹ ਇੱਕ ਵਿਸ਼ਾਣੂੰ ਰੋਗ ਹੈ, ਜੋ ਆਸਾਨੀ ਨਾਲ ਅੱਗੇ ਫੈਲ ਜਾਂਦਾ ਹੈ। ਇਹ ਰੋਗ ਖੇਤ ਵਿੱਚ ਕੰਮ ਕਰਨ ਵਾਲੇ ਆਦਮੀ ਅਤੇ ਕੰਮ ਕਰਨ ਲਈ ਵਰਤੇ ਜਾਂਦੇ ਸੰਦਾਂ ਰਾਹੀਂ ਇੱਕ ਤੋਂ ਦੂਜੇ ਬੂਟੇ ਤੱਕ ਜਾਂਦਾ ਹੈ। ਇਹ ਬਿਮਾਰੀ ਬੀਜ ਰਾਹੀਂ ਵੀ ਅੱਗੇ ਵਧਦੀ ਹੈ। ਇਸ ਬਿਮਾਰੀ ਦੀ ਰੋਕਥਾਮ ਲਈ ਵਿਸ਼ਾਣੂੰ ਰੋਗ ਤੋਂ ਮੁਕਤ ਬੀਜ ਲੈ ਕੇ ਪਨੀਰੀ ਬੀਜੋ। ਰੋਗੀ ਬੂਟੇ ਪੁੱਟ ਕੇ ਨਸ਼ਟ ਕਰੋ। ਪੌਦਿਆਂ ਨੂੰ ਐਵੇਂ ਨਾ ਛੂਹੋ। ਪਨੀਰੀ ਹਮੇਸ਼ਾਂ ਬਿਮਾਰੀ ਵਾਲੇ ਬੂਟਿਆਂ ਤੋਂ ਦੂਰ ਹੀ ਪੈਦਾ ਕਰੋ। ਪਨੀਰੀ ਤੋਂ ਸ਼ੁਰੂ ਕਰਕੇ 10 ਦਿਨਾਂ ਦੇ ਵਕਫ਼ੇ 'ਤੇ ਸਿਫਾਰਿਸ਼ ਕੀਟਨਾਸ਼ਕਾਂ ਦਾ ਛਿੜਕਾਅ ਕਰਦੇ ਰਹੋ।

**ਗੁੱਛਾ ਮੁੱਛਾ ਰੋਗ**

ਇਸ ਬਿਮਾਰੀ ਨਾਲ ਬੂਟਾ ਜ਼ਿਆਦਾ ਸ਼ਾਖਾਵਾਂ ਕੱਢਦਾ ਹੈ ਅਤੇ ਝਾੜੀਨੁਮਾ ਹੋ ਜਾਂਦਾ ਹੈ। ਬਿਮਾਰ ਬੂਟੇ ਨੂੰ ਫੁੱਲ ਅਤੇ ਫਲ ਘੱਟ ਲੱਗਦੇ ਹਨ ਅਤੇ ਕਈ ਵਾਰ ਫ਼ਸਲ ਬਿਲਕੁਲ ਖਤਮ ਹੋ ਜਾਂਦੀ ਹੈ। ਇਹ ਬਿਮਾਰੀ ਚਿੱਟੀ ਮੱਖੀ ਰਾਹੀਂ ਫੈਲਦੀ ਹੈ। ਇਸ ਦੀ ਰੋਕਥਾਮ ਲਈ ਬਿਮਾਰੀ ਵਾਲੇ ਬੂਟੇ ਸ਼ੁਰੂ ਵਿੱਚ ਹੀ ਪੁੱਟ ਕੇ ਨਸ਼ਟ ਕਰੋ। ਪਨੀਰੀ ਅਤੇ ਖੇਤ ਵਿੱਚ ਚਿੱਟੀ ਮੱਖੀ ਨੂੰ ਰੋਕਣ ਲਈ 400 ਮਿਲੀਲੀਟਰ ਮੈਲਾਥੀਆਨ 50 ਈ. ਸੀ. ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਫ਼ਲ ਪੈਣ ਤੋਂ ਪਹਿਲਾਂ ਛਿੜਕਾਅ ਕਰੋ। ਲੋੜ ਅਨੁਸਾਰ 10 ਦਿਨਾਂ ਦੇ ਵਕਫੇ 'ਤੇ ਛਿੜਕਾਅ ਦੁਹਰਾਓ। ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਪੰਜਾਬ ਵਰਖਾ ਬਹਾਰ-4, ਪੰਜਾਬ ਵਰਖਾ ਬਹਾਰ-2 ਅਤੇ ਪੰਜਾਬ ਵਰਖਾ ਬਹਾਰ-1 ਨੂੰ ਉਗਾਓ।

**ਅਗੇਤਾ ਝੁਲਸ ਰੋਗ**

ਇਸ ਬਿਮਾਰੀ ਨਾਲ ਕਾਲੇ ਭੂਰੇ ਰੰਗ ਦੇ ਧੱਬੇ ਪੱਤਿਆਂ ਉੱਤੇ ਪੈ ਜਾਂਦੇ ਹਨ। ਪੱਤੇ ਮੁਰਝਾਅ ਕੇ ਹੇਠਾਂ ਵੱਲ ਡਿੱਗ ਪੈਂਦੇ ਹਨ ਅਤੇ ਅੰਤ ਨੂੰ ਝੜ ਜਾਂਦੇ ਹਨ। ਇਸ ਬਿਮਾਰੀ ਦੀ ਉੱਲੀ ਸੁੱਕੇ ਪੱਤਿਆਂ ਵਿੱਚ ਇੱਕ ਸਾਲ ਤੱਕ ਜੀਵਤ ਰਹਿੰਦੀ ਹੈ। ਬਿਮਾਰੀ ਦੀ ਲਾਗ ਪੌਦੇ ਦੀ ਰਹਿੰਦ-ਖੂੰਹਦ ਅਤੇ ਬੀਜ ਰਾਹੀਂ ਲੱਗਦੀ ਹੈ। ਇਸ ਦੀ ਰੋਕਥਾਮ ਲਈ ਰੋਗ-ਰਹਿਤ ਬੀਜ ਵਰਤੋ, ਬੀਜ ਨੂੰ ਕੈਪਟਾਨ 3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਬਿਜਾਈ ਤੋਂ ਪਹਿਲਾਂ ਸੋਧੋ,



ਫ਼ਸਲ ਨੂੰ ਖੇਤ ਵਿੱਚ ਲਾਉਣ ਤੋਂ ਬਾਅਦ 10-15 ਦਿਨਾਂ ਦੇ ਵਕਫੇ 'ਤੇ 600 ਗ੍ਰਾਮ ਪ੍ਰਤੀ ਏਕੜ ਇੰਡੋਫਿਲ ਐਮ-45 ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

# ਖੇਤੀ ਰਸਾਇਣਾਂ ਦੀ ਸੁਚੱਜੀ ਵਰਤੋਂ ਲਈ ਸਾਵਧਾਨੀਆਂ

ਖੇਤੀ ਰਸਾਇਣ ਆਧੁਨਿਕ ਖੇਤੀ ਦਾ ਇਕ ਅਨਿੱਖੜਵਾਂ ਅੰਗ ਬਣ ਗਏ ਹਨ। ਇਹ ਖੇਤੀਬਾੜੀ ਵਿਚ ਵਰਤੇ ਜਾਣ ਵਾਲੇ ਲੋੜੀਂਦੇ ਰਸਾਇਣ ਹਨ, ਜੋ ਪੌਦਿਆਂ ਅਤੇ ਫਸਲਾਂ ਦੇ ਵਾਧੇ ਅਤੇ ਸੁਰੱਖਿਆ ਲਈ ਯੋਗਦਾਨ ਪਾਉਂਦੇ ਹਨ। ਜਿਨ੍ਹਾਂ 'ਚ ਮੁੱਖ ਤੌਰ 'ਤੇ ਖਾਦਾਂ, ਕੀਟਨਾਸ਼ਕ, ਉੱਲੀਨਾਸ਼ਕ, ਨਦੀਨ ਨਾਸ਼ਕ ਅਤੇ ਚੂਹੇ ਨਾਸ਼ਕ ਆਦਿ ਸ਼ਾਮਿਲ ਹਨ। ਤੇਜ਼ੀ ਨਾਲ ਵਧ ਰਹੀ ਆਬਾਦੀ ਦੇ ਭੋਜਨ ਦੀ ਲੋੜ ਨੂੰ ਪੂਰਾ ਕਰਨ ਅਤੇ ਖੇਤੀਬਾੜੀ ਵਿਚ ਜ਼ਿਆਦਾ ਮੁਨਾਫਾ ਕਮਾਉਣ ਲਈ ਇਨ੍ਹਾਂ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਵਿਚ ਖਾਦਾਂ ਦੀ ਵਰਤੋ ਮਿੱਟੀ ਵਿਚ ਪੌਸ਼ਟਿਕ ਤੱਤਾਂ ਦੀ ਕਮੀ ਨੂੰ ਦੂਰ ਅਤੇ ਪੌਦਿਆਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾਂਦੀ ਹੈ। ਖਾਦਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ : ਜੈਵਿਕ ਅਤੇ ਅਜੈਵਿਕ ਖਾਦਾਂ। ਜੈਵਿਕ ਖਾਦਾਂ ਕੁਦਰਤੀ ਪ੍ਰਕਿਰਿਆਵਾਂ ਰਾਹੀਂ ਅਤੇ ਅਜੈਵਿਕ ਖਾਦਾਂ ਨਕਲੀ ਪ੍ਰਕਿਰਿਆਵਾਂ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ। ਕੀਟਨਾਸ਼ਕ, ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਨੂੰ ਮਾਰਨ ਲਈ; ਉੱਲੀਨਾਸ਼ਕ, ਫਫੂੰਦ ਨੂੰ ਨਸ਼ਟ ਕਰਨ ਲਈ ਅਤੇ ਨਦੀਨ ਨਾਸ਼ਕ, ਮੁੱਖ ਫਸਲ ਤੋਂ ਇਲਾਵਾ ਪੌਦਿਆਂ ਨੂੰ ਖਤਮ ਕਰਨ ਲਈ ਵਰਤੇ ਜਾਂਦੇ ਹਨ। ਕਿਸੀ ਵੀ ਚੀਜ਼ ਦੀ ਲੋੜ ਤੋਂ ਜ਼ਿਆਦਾ ਬਹੁਤਾਤ ਹਾਨੀਕਾਰਕ ਹੁੰਦੀ ਹੈ, ਇਸ ਲਈ ਸੰਤੁਲਿਤ ਮਾਤਰਾ ਵਿਚ ਤਾਂ ਇਹ ਖੇਤੀ ਰਸਾਇਣ ਫਸਲਾਂ ਦੀ ਸਿਹਤ ਨੂੰ ਸੁਧਾਰਦੇ ਹਨ, ਪਰ ਇਨ੍ਹਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਪੈਦਾ ਹੋਏ ਰਹਿੰਦ-ਖੂੰਹਦ ਵਾਤਾਵਰਣ (ਮਿੱਟੀ, ਪਾਣੀ ਅਤੇ ਹਵਾ) ਨੂੰ ਪ੍ਰਦੂਸ਼ਿਤ ਕਰਦੇ ਹਨ। ਖਾਦਾਂ ਅਤੇ ਜ਼ਹਿਰਾਂ ਦੇ ਛਿੜਕਾਅ ਦੌਰਾਨ ਇਨ੍ਹਾਂ ਦੇ ਅੰਸ਼ ਹਵਾ ਵਿਚ ਮਿਲ ਜਾਂਦੇ ਹਨ ਅਤੇਹਵਾ ਨੂੰ ਪ੍ਰਦੂਸ਼ਿਤ ਹਵਾ ਸਾਹ ਰਾਹੀਂ ਅੰਦਰ ਜਾਣ ਕਾਰਨ ਆਲੇ-ਦੁਆਲੇ ਦੇ ਜੀਵਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਮਿੱਤਰ ਅਤੇ ਫੁੱਲਾਂ ਦਾ ਪਰਾਂਗਣ ਕਰਨ ਵਾਲੇ ਕੀੜੇ ਜਿਵੇਂ ਮਧੂਮੱਖੀਆਂ ਦੀ ਜ਼ਹਿਰਾਂ ਦੀ ਲਪੇਟ ਵਿਚ ਆ ਕੇ ਖਤਮ ਹੋ ਜਾਂਦੇ ਹਨ, ਜਿਸ ਨਾਲ ਫਸਲਾਂ ਦੀ ਪੈਦਾਵਾਰ 'ਤੇ ਅਸਰ ਪੈਂਦਾ ਹੈ। ਮਨੁੱਖਾਂ ਦੀ ਸਿਹਤ 'ਤੇ ਵੀ ਇਨ੍ਹਾਂ ਜ਼ਹਿਰਾਂ ਦਾ ਗਹਿਰਾ ਅਸਰ ਦੇਖਿਆ ਗਿਆ ਹੈ ਜਿਵੇਂ ਕਿ ਅੱਖਾਂ ਅਤੇ ਚਮੜੀ 'ਚ ਜਲਣ, ਕੈਂਸਰ, ਕਿਡਨੀ ਰੋਗ, ਦਿਮਾਗੀ ਅਤੇ ਪ੍ਰਜਨਣ ਪ੍ਰਣਾਲੀ ਦੇ ਰੋਗ (ਬਾਂਝਪਨ), ਸਰੀਰਕ ਨਸਾਂ ਨੂੰ ਨੁਕਸਾਨ, ਹਾਰਮੋਨਸ ਵਿਕਾਸ ਅਤੇ ਨਿਊਰੋਟੌਕਸਿਟੀ ਆਦਿ। ਇਹ ਵੀ ਦੇਖਿਆ ਗਿਆ ਹੈ ਕਿ ਸਿਫਾਰਿਸ਼ ਤੋਂ ਵੱਧ ਮਾਤਰਾ ਵਿਚ ਰਸਾਇਣਾਂ ਦੇ ਛਿੜਕਾਅ ਕਰਨ ਨਾਲ ਇਨ੍ਹਾਂ ਦੀ ਰਹਿੰਦ-ਖੂੰਹਦ ਅਨਾਜ, ਫਲਾਂ, ਸਬਜ਼ੀਆਂ ਅਤੇ ਦੁੱਧ ਵਿਚ ਆ ਜਾਂਦੇ ਹਨ। ਉਪਰੋਕਤ ਦੱਸੀਆਂ ਗੱਲਾਂ ਨੂੰ ਧਿਆਨ ਚ ਰੱਖਦੇ ਹੋਏ ਸਰਕਾਰ ਵੱਲੋਂ ਕੁੱਝ ਜ਼ਹਿਰਾਂ 'ਤੇ ਪਾਬੰਦੀ ਲਗਾਈ ਹੈ ਜਿਵੇਂ ਕਿ ਡੀ. ਡੀ. ਟੀ, ਇੰਡੋਸੁਲਫਾਨ, ਅਲਡਰੀਨ, ਕਾਰਬੋਫਊਰਾਨ, ਹੇਪਟਾਕਲੋਰ ਆਦਿ।



**ਵਰਤੋਂ ਸੰਬੰਧੀ ਸਾਵਧਾਨੀਆਂ** :

1. ਖਾਦ ਪਾਉਣ ਤੋਂ ਪਹਿਲਾਂ ਸਮੇਂ ਸਿਰ ਮਿੱਟੀ ਦੀ ਪਰਖ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਖਾਦਾਂ ਅਤੇ ਦਵਾਈਆਂ ਦੀ ਵਰਤੋਂ ਲੋੜ ਅਤੇ ਸਿਫਾਰਿਸ਼ ਅਨੁਸਾਰ ਹੀ ਕੀਤੀ ਜਾਵੇ। 2. ਜ਼ਹਿਰਾਂ ਨੂੰ ਲੇਬਲ ਲੱਗੇ ਸ਼ੀਸ਼ੀ ਜਾਂ ਡੱਬੇ ਵਿਚ ਹੀ ਰੱਖੋ ਅਤੇ ਡੱਬਿਆਂ ਉੱਪਰ ਲੇਬਲ 'ਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ। 3. ਜ਼ਹਿਰਾਂ ਨੂੰ ਖਾਣ ਵਾਲੀਆਂ ਚੀਜ਼ਾਂ ਅਤੇ ਹੋਰ ਦਵਾਈਆਂ ਦੇ ਨਾਲ ਨਹੀਂ ਰੱਖਣਾ ਚਾਹੀਦਾ ਹੈ। 4. ਜ਼ਹਿਰਾਂ ਨੂੰ ਬੱਚੇ, ਗੈਰ ਜ਼ਿੰਮੇਵਾਰ ਆਦਮੀ ਅਤੇ ਪਾਲਤੂ ਜਾਨਵਰਾਂ ਦੀ ਪਹੁੰਚ ਤੋਂ ਦੂਰ ਰੱਖੋ। 5. ਦਵਾਈ ਦਾ ਘੋਲ ਤਿਆਰ ਕਰਨ ਅਤੇ ਛਿੜਕਣ ਸਮੇਂ ਆਪਣੇ ਸਰੀਰ ਨੂੰ ਜ਼ਹਿਰਾਂ ਦੇ ਸਿੱਧੇ ਸੰਪਰਕ ਤੋਂ ਬਚਾਉਣ ਲਈ ਆਪਣੇ ਨੱਕ, ਅੱਖਾਂ, ਮੂੰਹ, ਕੰਨ, ਹੱਥ, ਚਮੜੀ ਆਦਿ ਬਚਾ ਕੇ ਰੱਖੋ।



6. ਰਸਾਇਣਕ ਘੋਲ ਨੂੰ ਤਿਆਰ ਕਰਨ ਅਤੇ ਵਰਤੋਂ ਕਰਨ ਦੌਰਾਨ ਹੱਥ ਦੇ ਦਸਤਾਨੇ, ਮੂੰਹ ਤੇ ਮਾਸਕ ਅਤੇ ਟੋਪੀਆਂ ਪਾਓ। ਪੈਰਾਂ 'ਤੇ ਵੀ ਸੁਰੱਖਿਅਤ ਬੂਟ ਹੋਣੇ ਚਾਹੀਦੇ ਹਨ। 7. ਖਾਦਾਂ ਅਤੇ ਜ਼ਹਿਰਾਂ ਦੀ ਪੈਕਿੰਗ ਨੂੰ ਖੋਲ੍ਹਦੇ ਸਮੇਂ ਸਾਵਧਾਨੀ ਵਰਤੋਂ ਤਾਂ ਕਿ ਉਹ ਬਾਹਰ ਨਾ ਖਿਲਾਰਨ। ਕਦੀ ਵੀ ਇਨ੍ਹਾਂ ਨੂੰ ਨੱਕ ਰਾਹੀਂ ਨਾ ਸੁੰਘੋ। 8. ਰਸਾਇਣਾਂ ਦੇ ਘੋਲ ਨੂੰ ਲੱਕੜੀ ਦੇ ਮਜ਼ਬੂਤ ਅਤੇ ਲੰਬੇ ਡੰਡੇ ਨਾਲ ਹੀ ਘੋਲੋ ਤਾਂ ਜੋ ਇਨ੍ਹਾਂ ਦੇ ਛਿੱਟੇ ਘੋਲਣ ਵਾਲੇ ਦੇ ਸਰੀਰ 'ਤੇ ਨਾ ਪੈਣ। ਘੋਲ ਬਣਾਉਣ ਵਾਲੇ ਡਰੰਮ ਜਾਂ ਬਾਲਟੀ ਨੂੰ ਹਮੇਸ਼ਾ ਅਲੱਗ ਰੱਖੋ। 9. ਤੇਜ਼ ਹਵਾ ਅਤੇ ਮੀਂਹ ਵੇਲੇ ਸਪਰੇਅ ਕਰਨ ਤੋਂ ਪਰਹੇਜ਼ ਕਰੋ, ਛਿੜਕਾਅ ਕਰਦੇ ਸਮੇਂ ਹਵਾ ਦਾ ਰੁੱਖ ਧਿਆਨ 'ਚ ਰੱਖਣਾ ਚਾਹੀਦਾ ਹੈ। 10. ਹਮੇਸ਼ਾ ਧੁੱਪ ਵਾਲੇ ਦਿਨ ਹੀ ਸਪਰੇਅ ਕਰੋ। ਤਾਂ ਕਿ ਉਸ ਦਾ ਅਸਰ ਛਿੜਕਾਅ ਕਰਨ ਤੋਂ ਬਾਅਦ ਚੰਗੀ ਤਰ੍ਹਾਂ ਨਾਲ ਆਪਣੇ ਹੱਥਾਂ ਨੂੰ ਸਾਬਣ ਨਾਲ ਧੋਵੋ। 12. ਸਪਰੇਅ ਕਰਨ ਵੇਲੇ ਵਰਤਿਆ ਜਾਣ ਵਾਲਾ ਡ੍ਰਮ, ਪੰਪ ਅਤੇ ਮਸ਼ੀਨ ਨੂੰ ਪਾਣੀ ਨਾਲ ਸਾਫ ਕਰੋ ਅਤੇ ਇਸ ਪਾਣੀ ਨੂੰ ਬੰਜਰ ਜ਼ਮੀਨ ਜਾਂ ਇਕ ਟੋਇਆ ਪੁੱਟ ਕੇ ਉਸ ਵਿਚ ਪਾ ਦਿਓ। 13. ਫਲਾਂ ਅਤੇ ਸਬਜ਼ੀਆਂ ਦੇ ਛਿੜਕਾਅ ਤੋਂ ਲੈ ਕੇ ਤੋੜਨ ਦੇ ਵਿਚ ਕੁਛ ਸਮੇਂ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ (ਵੇਟਿੰਗ ਪੀਰਿਯਡ)।

ਖੇਤੀ ਰਸਾਇਣਾਂ ਦੀ ਬਹੁਤ ਜ਼ਿਆਦਾ ਵਰਤੋਂ ਨੂੰ ਵਾਤਾਵਰਣ ਅਤੇ ਮਨੁੱਖੀ ਸਿਹਤ ਸੰਬੰਧੀ ਵਿਗਾੜਾਂ ਦੇ ਨਾਲ-ਨਾਲ ਬਰਬਾਦੀ, ਪੈਸੇ ਦਾ ਨੁਕਸਾਨ ਮੰਨਿਆ ਜਾਂਦਾ ਹੈ। ਹਵਾ, ਪਾਣੀ ਅਤੇ ਮਿੱਟੀ ਦੀ ਸਿਹਤ ਦਿਨੋ-ਦਿਨ ਵਿਗੜਦੀ ਜਾ ਰਹੀ ਹੈ, ਅਤੇ ਇਨ੍ਹਾਂ ਵਿੱਚੋਂ ਕੁਝ ਜਾਨਲੇਵਾ ਤੱਤਾਂ ਦੀ ਮਾਤਰਾ ਵੱਧ ਰਹੀ ਹੈ ਜਿਵੇਂ ਕਿ ਭਾਰੀ ਧਾਤੂਆਂ (ਹੈਵੀ ਮੈਟਲਸ) ਅਤੇ ਰੇਡੀਓਨਿਊਕਲਾਈਡਜ਼। ਧਰਤੀ ਹੇਠਲਾ ਪਾਣੀ ਵੀ ਇਨ੍ਹਾਂ ਖੇਤੀ ਰਸਾਇਣਾਂ ਦੀ ਅੰਨ੍ਹੇਵਾਹ ਵਰਤੋਂ ਦੁਆਰਾ ਦੂਸ਼ਿਤ ਹੋ ਰਿਹਾ ਹੈ ਅਤੇ ਇਹ ਪਾਣੀ, ਪੀਣ ਅਤੇ ਹੋਰ ਘਰੇਲੂ ਵਰਤੋਂ ਲਈ ਅਯੋਗ ਬਣਦਾ ਜਾ ਰਿਹਾ ਹੈ। ਇਸ ਲਈ ਵਾਤਾਵਰਨ ਨੂੰ ਬਚਾਉਣ ਅਤੇ ਜ਼ਹਿਰ ਮੁਕਤ ਭੋਜਨ ਉਗਾਉਣ ਲਈ ਕੁਝ ਟਿਕਾਊ ਅਤੇ ਏਕੀਕ੍ਰਿਤ ਪਹੁੰਚਾਂ ਅਪਣਾਈਆਂ ਜਾਣੀਆਂ ਚਾਹੀਦੀਆਂ ਹਨ। ਜਿਸ ਨਾਲ ਸਮੇਂ ਸਿਰ ਧਰਤੀ ਅਤੇ ਉਸ ਤੇ ਜੀਵਨ ਨੂੰ ਬਚਾਇਆ ਜਾ ਸਕੇ।

**ਸੁਖਜੀਤ ਕੌਰ ਅਤੇ ਅੰਤਿਮਾ ਸ਼ਰਮਾ,**
**ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ**

# ਹਲਦੀ ਦੀ ਸਫਲ ਪੈਦਾਵਾਰ ਅਤੇ ਸੁਚੱਜਾ ਮੰਡੀਕਰਨ

ਪਿਛਲੇ ਕੁਝ ਸਮੇਂ ਵਿਚ ਹਲਦੀ ਦੀ ਮੰਗ 'ਚ ਕਾਫੀ ਵਾਧਾ ਹੋਇਆ ਹੈ। ਹਲਦੀ ਦੀ ਮੰਗ ਵਧਣ ਪਿੱਛੇ ਇਕ ਅਹਿਮ ਕਾਰਨ ਬੀਮਾਰੀਆਂ ਦੇ ਇਲਾਜ਼ ਲਈ ਇਸ ਦੀ ਵਰਤੋਂ ਹੁੰਦੀ ਹੈ। ਹਲਦੀ ਜੋ ਕਿ ਪੀਲਾ ਸੋਨਾ ਜਾਂ ਫਿਰ ਸੁਨਹਿਰੀ ਮਸਾਲੇ ਵਜੋਂ ਜਾਣਿਆ ਜਾਂਦਾ ਹੈ, ਭਾਰਤੀ ਖਿੱਤੇ ਵਿਚ ਪੈਦਾ ਹੋਣ ਵਾਲਾ ਇਕ ਅਹਿਮ ਖਾਧ ਪਦਾਰਥ ਹੈ। ਭਾਰਤ ਦੁਨੀਆਂ ਦੇ ਹਲਦੀ ਉਤਪਾਦਨ ਦਾ 80 ਪ੍ਰਤੀਸ਼ਤ ਪੈਦਾ ਕਰਦਾ ਹੈ। ਭਾਰਤ ਵਿਚ ਪੈਦਾ ਹੋਣ ਵਾਲੀ ਹਲਦੀ ਦਾ 80 ਫੀਸਦੀ ਇਥੇ ਹੀ ਖਪਤ ਹੋ ਜਾਂਦਾ ਹੈ। ਜਦ ਕਿ ਬਾਕੀ ਦਾ 20 ਪ੍ਰਤੀਸ਼ਤ ਨਿਰਯਾਤ ਕੀਤਾ ਜਾਂਦਾ ਹੈ,ਜੋ ਕਿ ਦੁਨੀਆਂ ਦੇ ਕੁੱਲ ਨਿਰਯਾਤ ਦਾ 67 ਪ੍ਰਤੀਸ਼ਤ ਬਣਦਾ ਹੈ।

ਭਾਰਤ ਵਿਚ ਸਭ ਤੋਂ ਵੱਧ ਹਲਦੀ ਦੱਖਣੀ ਭਾਰਤ ਵਿਚ ਪੈਦਾ ਹੁੰਦੀ ਹੈ। ਪੰਜਾਬ ਦੇ ਜ਼ਿਲੇ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਚ ਹਲਦੀ ਦੀ ਚੰਗੀ



ਪੈਦਾਵਾਰ ਹੋ ਰਹੀ ਹੈ। ਪਰ ਦੱਖਣੀ ਭਾਰਤ ਦੇ ਮੁਕਾਬਲੇ ਪੰਜਾਬ ਵਿਚ ਹਲਦੀ ਦੀ ਪੈਦਾਵਾਰ ਨਾਮਾਤਰ ਹੈ। ਦੱਖਣੀ ਭਾਰਤ ਦੀਆਂ ਮੰਡੀਆਂ ਜਿਵੇਂ ਕਿ ਅਰੋਡ (ਤਾਮਿਲਨਾਡੂ) ਅਤੇ ਨਿਜ਼ਾਮਾਬਾਦ (ਤੇਲੰਗਾਨਾ) ਤੋਂ ਹਲਦੀ ਪੰਜਾਬ ਨਿਰਯਾਤ ਕੀਤੀ ਜਾਂਦੀ ਹੈ। ਪੰਜਾਬ ਵਿਚ ਹਲਦੀ ਦੀ ਗੁਣਵੱਤਾ ਤੈਅ ਕਰਨ ਵਾਲਾ ਕੁਰਕੁਮਿਨ ਔਸਤਨ 2.5 ਤੋਂ 3.5 ਪ੍ਰਤੀਸ਼ਤ ਤੱਕ ਪਾਇਆ ਜਾਂਦਾ ਹੈ। ਜੋ ਕਿ ਭਾਰਤੀ ਖਾਧ ਕਾਨੂੰਨ ਦੇ ਮੁਤਾਬਿਕ ਠੀਕ ਮੰਨਿਆ ਗਿਆ ਹੈ। ਮੁਨਾਫਾਖੋਰ ਆਪਣੀ ਆਮਦਨ ਨੂੰ ਵਧਾਉਣ ਲਈ ਖੁੱਲ੍ਹੇ ਵਿਚ ਮਿਲਣ ਵਾਲੀ ਹਲਦੀ ਵਿਚ ਕਈ ਵਾਰ ਮਿਲਾਵਟ ਕਰਦੇ ਹਨ। ਹਲਦੀ ਵਿਚ ਪੀਲਾ ਰੰਗ, ਚੌਲਾਂ ਦੇ ਟੋਟੇ ਅਤੇ ਬੇਹੀਆਂ ਰੋਟੀਆਂ ਦੀ ਮਿਲਾਵਟ ਆਮ ਹੈ।

ਹਲਦੀ 10 ਮਹੀਨੇ ਵਿਚ ਤਿਆਰ ਹੋਣ ਵਾਲੀ ਫਸਲ ਹੈ। ਪੰਜਾਬ ਵਿਚ ਇਸ ਦੀ ਬਿਜਾਈ ਮਾਰਚ ਅਖੀਰ ਤੋਂ ਲੈ ਕੇ ਅਪ੍ਰੈਲ ਅਖੀਰ ਤੱਕ ਕੀਤੀ ਜਾਂਦੀ ਹੈ। ਪੰਜਾਬ ਹਲਦੀ-1 ਅਤੇ ਪੰਜਾਬ ਹਲਦੀ-2 (ਕਰਕੁਮਿਨ >3%) ਕਿਸਮਾਂ ਕਾਫੀ ਪ੍ਰਚੱਲਿਤ ਹਨ। ਇਹ ਕਿਸਮਾਂ ਹਲਦੀ ਦੇ ਕਿਸਾਨਾਂ ਜਾਂ ਫਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਮਿਲ ਜਾਂਦੀਆਂ ਹਨ। ਛੇ ਤੋਂ ਸੱਤ ਕੁਇੰਟਲ ਗੰਢੀਆਂ ਇਕ ਏਕੜ ਦੀ ਬਿਜਾਈ ਲਈ ਕਾਫੀ ਹਨ। ਚਾਲੀ ਤੋਂ ਪੰਜਾਬ ਰੁਪਏ ਕਿਲੋ ਦੇ ਹਿਸਾਬ ਨਾਲ ਗੰਢੀਆਂ ਦਾ ਬੀਜ ਮਿਲ ਜਾਂਦਾ ਹੈ। ਹਲਦੀ ਦੀ ਬਿਜਾਈ ਵੱਟਾਂ ਤੇ ਕੀਤੀ ਜਾਂਦੀ ਹੈ।

ਹਲਦੀ ਦੀ ਪੈਦਾਵਾਰ ਵਿਚ 40 ਤੋਂ 45 ਹਜ਼ਾਰ ਇਕ ਏਕੜ ਦਾ ਖਰਚਾ ਆ ਜਾਂਦਾ ਹੈ। ਸਭ ਤੋਂ ਵੱਧ ਖਰਚਾ ਬੀਜ ਵਿਚ ਜਾਂਦਾ ਹੈ ਅਤੇ ਇਸ ਤੋਂ ਬਾਅਦ ਕਾਮਿਆਂ ਦੀ ਦਿਹਾੜੀ ਆਦਿ ਤੇ ਆਉਣ ਵਾਲੇ ਖਰਚੇ ਸਭ ਤੋਂ ਵੱਧ ਹਨ। ਇਕ ਏਕੜ ਵਿਚ 110 ਤੋਂ 120 ਕੁਇੰਟਲ ਕੱਚੀ ਹਲਦੀ ਦੀ ਪੈਦਾਵਾਰ ਹੋ ਜਾਂਦੀ ਹੈ। ਕੱਚੀ ਹਲਦੀ ਪ੍ਰੋਸੈਸਿੰਗ ਤੋਂ ਬਾਅਦ 12 ਤੋਂ 18 ਪ੍ਰਤੀਸ਼ਤ ਸੁੱਕੇ ਹਲਦੀ ਪਾਊਡਰ ਵਿਚ ਤਬਦੀਲ ਹੋ ਜਾਂਦੀ ਹੈ। ਕਿਸਾਨ ਵੱਲੋਂ ਤਿਆਰ ਕੀਤਾ ਹਲਦੀ ਪਾਊਡਰ ਪੰਜਾਬ ਵਿਚ 200 ਤੋਂ 250/- ਰੁਪਏ ਕਿਲੋ ਨਾਲ ਵਿਕਦਾ ਹੈ ਅਤੇ ਜੇਕਰ ਹਲਦੀ ਦੀ ਪੈਦਾਵਾਰ ਕੁਦਰਤੀ ਤਰੀਕੇ ਨਾਲ ਕੀਤੀ ਗਈ ਹੋਵੇ ਤਾਂ 300 ਤੋਂ 350/- ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਹਲਦੀ ਪਾਊਡਰ ਵਿਕ ਜਾਂਦਾ ਹੈ। ਹਲਦੀ ਦੀ ਪੈਦਾਵਾਰ ਬਹੁਤ ਹੈ ਪਰ ਜਦੋਂ ਗੱਲ ਮੰਡੀਕਰਨ ਦੀ ਆਉਂਦੀ ਹੈ ਤਾਂ ਕਿਸਾਨਾਂ ਨੂੰ ਕਾਫੀ ਵਾਰ ਨਿਰਾਸ਼ਾ ਮਿਲਦੀ ਹੈ।



ਹਲਦੀ ਦੀ ਪੁਟਾਈ ਫਰਵਰੀ ਅਖੀਰ ਤੋਂ ਸ਼ੁਰੂ ਹੋ ਜਾਂਦੀ ਹੈ। ਜਦੋਂ ਹਲਦੀ ਦੇ ਪੱਤੇ ਪੀਲੇ ਹੋ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਪੁਟਾਈ ਲਈ ਹਲਦੀ ਤਿਆਰ ਹੈ। ਪੁਟਾਈ ਕਰਕੇ ਗੰਢੀਆਂ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ ਜਾਂਦਾ ਹੈ। ਇਕ ਗੋਲਾ (ਬੱਲਬ) ਅਤੇ ਦੂਜਾ ਫਿੰਗਰਸ। ਗੁਣਵੱਤਾ ਦੇ ਪੱਧਰ 'ਤੇ ਫਿੰਗਰਸ ਵਿਚ ਕਰਕੁਮਿਨ ਜ਼ਿਆਦਾ ਪਾਇਆ ਜਾਂਦਾ ਹੈ।

ਗੰਢੀਆਂ ਨੂੰ ਸਭ ਤੋਂ ਪਹਿਲਾਂ ਪਾਣੀ ਵਿਚ ਪਾ ਕੇ ਉਬਾਲਿਆ ਜਾਂਦਾ ਹੈ। ਉਬਾਲਣ ਤੋਂ ਬਾਅਦ ਗੰਢੀਆਂ ਨੂੰ ਧੁੱਪ ਵਿਚ ਸੁਕਾਇਆ ਜਾਂਦਾ ਹੈ। ਗੰਢੀਆਂ ਦੀ ਖੁਰਦਰੀ ਸਤ੍ਹਾ ਉਤਾਰਨ ਲਈ ਇਸ ਨੂੰ ਪਾਲਿਸ਼ ਮਸ਼ੀਨ ਵਿਚ ਪਾਇਆ ਜਾਂਦਾ ਹੈ। ਇਸ ਤੋਂ ਬਾਅਦ ਇਸ ਨੂੰ ਪੀਸ ਕੇ ਪਾਊਡਰ ਬਣਾ ਲਿਆ ਜਾਂਦਾ ਹੈ। ਕਿਸਾਨ ਹਲਦੀ ਨੂੰ ਸਿੱਧਾ ਮੰਡੀ ਵਿਚ ਵੇਚਣ ਨਾਲੋਂ ਖੁਦ ਹਲਦੀ ਦਾ ਪਾਊਡਰ ਤਿਆਰ ਕਰਕੇ ਮੰਡੀ ਵਿਚ ਵੇਚਣ। ਇਸ ਲਈ ਪੈਕਿੰਗ ਅਤੇ ਤਰ੍ਹਾਂ-ਤਰ੍ਹਾਂ ਦੇ ਪਦਾਰਥ ਬਣਾ ਕੇ ਵੇਚਣਾ ਲਾਭਕਾਰੀ ਹੈ। ਜਿਵੇਂ ਕਿ ਹਲਦੀ ਦੇ ਲੱਡੂ, ਕੱਚੀ ਹਲਦੀ ਦਾ ਆਚਾਰ, ਹਲਦੀ ਦੁੱਧ ਵਾਲਾ ਪਾਊਡਰ ਆਦਿ ਸ਼ਾਮਲ ਹਨ ਤੇ ਜਿਸ ਦੀ ਮੰਡੀ ਵਿਚ ਕਾਫੀ ਮੰਗ ਹੈ।

ਇਸ ਤੋਂ ਇਲਾਵਾ ਪੰਜਾਬ ਨੂੰ ਹਲਦੀ ਵਿਚ ਆਤਮ ਨਿਰਭਰ ਬਣਾਉਣ ਲਈ ਕਿਸਾਨ ਘਰ ਦੀ ਖਪਤ ਜਿੰਨੀ ਹਲਦੀ ਘਰ ਵਿਚ ਹੀ ਉਗਾਉਣ। ਪੰਜ ਜੀਆਂ ਦੇ ਪਰਿਵਾਰ ਲਈ ਅੱਧੇ ਮਰਲੇ ਵਿਚ ਤਿਆਰ ਕੀਤੀ ਗਈ ਹਲਦੀ ਕਾਫੀ ਹੈ। ਇਥੇ ਇਹ ਗੱਲ ਸਪੱਸ਼ਟ ਹੈ ਕਿ ਜੇਕਰ ਹਲਦੀ ਦਾ ਸਹੀ ਮੰਡੀਕਰਨ ਕੀਤਾ ਜਾਵੇ ਤਾਂ ਕਿਸਾਨ ਚੰਗੀ ਆਮਦਨੀ ਹਾਸਲ ਕਰ ਸਕਦੇ ਹਨ ਅਤੇ ਖੇਤੀ ਵਿਭਿੰਨਤਾ ਵਿਚ ਆਪਣਾ ਯੋਗਦਾਨ ਦੇ ਸਕਦੇ ਹਨ।

**ਗੁਰਲਾਲ ਸਿੰਘ ਸਰਵਪ੍ਰਿਆ**
**ਸਿੰਘ (ਪੀ. ਏ. ਯੂ.)**



# ਮਿੱਟੀ ਅਤੇ ਪੱਤਾ ਪਰਖ ਵਿਧੀ ਅਪਨਾਓ ਲੀਚੀ ਦਾ ਝਾੜ ਅਤੇ ਗੁਣਵੱਤਾ ਵਧਾਓ

**ਨਵਪ੍ਰੇਮ ਸਿੰਘ, ਫਲ ਵਿਗਿਆਨ ਵਿਭਾਗ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ**
**ਜਗਦੀਸ਼ ਸਿੰਘ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਗੁਰਦਾਸਪੁਰ ।**

ਪੰਜਾਬ ਵਿਚ ਲੀਚੀ ਦੀ ਕਾਸ਼ਤ ਮੁੱਖ ਰੂਪ ਵਿਚ ਪਠਾਨਕੋਟ, ਗੁਰਦਾਸਪੁਰ, ਸ਼ਹੀਦ ਭਗਤ ਸਿੰਘ ਨਗਰ, ਪਟਿਆਲਾ ਅਤੇ ਮੋਹਾਲੀ ਆਦਿ ਜ਼ਿਲ੍ਹਿਆਂ ਵਿੱਚ ਕੀਤੀ ਜਾਂਦੀ ਹੈ । ਲੀਚੀ ਦੇ ਗੂੜੇ ਗੁਲਾਬੀ ਤੋਂ ਲਾਲ ਰੰਗ ਅਤੇ ਵਧੀਆ ਖੁਸ਼ਬੂ ਕਰਕੇ ਹੀ ਇਸ ਨੂੰ ਫਲਾਂ ਦੀ ਰਾਣੀ ਵੀ ਕਿਹਾ ਜਾਂਦਾ ਹੈ । ਪੰਜਾਬ ਵਿੱਚ ਲੀਚੀ ਹੇਠ ਰਕਬਾ ਲਗਭਗ 3057 ਹੈਕਟੇਅਰ ਹੈ ਜਿਸਦਾ ਔਸਤਨ ਝਾੜ 16.3 ਟਨ ਪ੍ਰਤੀ ਹੈਕਟੇਅਰ ਹੈ । ਔਸਤ ਫਸਲ ਦੇ ਝਾੜ ਵਿਚ ਖਾਦਾਂ ਦਾ ਯੋਗਦਾਨ 50-70% ਤੱਕ ਹੁੰਦਾ ਹੈ, ਜਿੱਥੇ ਖਾਦਾਂ ਦੀ ਵਰਤੋਂ ਤੋਂ ਬਗੈਰ ਫਸਲਾਂ ਦਾ ਝਾੜ ਘੱਦਦਾ ਅਤੇ ਬੂਟੇ ਦਾ ਵਾਧਾ ਵੀ ਨਹੀਂ ਹੁੰਦਾ, ਉੱਥੇ ਹੀ ਖਾਦਾਂ ਦੀ ਵਾਧੂ ਵਰਤੋਂ ਨਾਲ ਫਸਲਾਂ ਦਾ ਝਾੜ ਘੱਟ ਵੀ ਸਕਦਾ ਹੈ । ਜੇਕਰ ਅਸੀਂ ਯੂਰੀਆ ਖਾਦ ਦੀ ਵਰਤੋਂ ਹੀ ਲੋੜ ਤੋਂ ਜ਼ਿਆਦਾ ਕਰਦੇ ਹਾਂ ਤਾਂ ਇਸ ਨਾਲ ਨਾ ਸਿਰਫ ਆਰਥਿਮ ਪੱਖੋਂ ਹੀ ਨੁਕਸਾਨ ਨਹੀਂ ਹੁੰਦਾ ਸਗੋਂ ਫਲਾਂ ਤੇ ਕੀੜਿਆਂ ਅਤੇ ਬੀਮਾਰੀਆਂ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ । ਇੱਕ ਅੰਦਾਜ਼ੇ ਮੁਤਾਬਿਕ ਹਰੇਕ ਇਕ ਟਨ ਲੀਚੀ ਦਾ ਫਲ 2.2 ਕਿਲੋ ਨਾਈਟਰੋਜਨ, 2.2 ਕਿਲੋ ਫਾਸਫੋਰਸ ਅਤੇ 6.6 ਕਿਲੋ ਪੋਟਾਸ਼ ਖੇਤ ਵਿੱਚੋਂ ਲੈਂਦਾ ਹੈ । ਸੋ ਜਿਵੇਂ ਕੇ ਪੰਜਾਬ ਵਿਚ ਲੀਚੀ ਦਾ ਔਸਤਨ ਝਾੜ 16,375 ਕਿਲੋ ਪ੍ਰਤੀ ਹੈਕਟੇਅਰ ਹੈ ਜੇਕਰ ਅਸੀਂ ਇਕ ਹੈਕਟੇਅਰ ਰਕਬੇ ਵਿੱਚੋਂ ਲਗਭਗ 16 ਟਨ ਲੀਚੀ ਦਾ ਔਸਤਨ ਝਾੜ ਲੈ ਰਹੇ ਹਾਂ ਤਾਂ ਇਹ ਖੇਤ ਵਿੱਚੋਂ 35.2 ਕਿਲੋ ਨਾਈਟਰੋਜਨ, 35.2 ਕਿਲੋ ਫਾਸਫੋਰਸ ਅਤੇ 105.6 ਕਿਲੋ ਪੋਟਾਸ਼ ਤੱਤ ਕੱਢ ਲੈਂਦੇ ਹਾਂ । ਜੇਕਰ ਅਸੀਂ ਇੰਨੀ ਮਾਤਰਾ ਵਿੱਚ ਤੱਤ ਖੇਤ ਵਿੱਚੋਂ ਹੋਰ ਲੈ ਰਹੇ ਹਾਂ ਤਾਂ ਲੰਮੇ ਸਮੇਂ ਤੱਕ ਵਧੀਆ ਝਾੜ ਲੈਣ ਅਤੇ ਭੂਮੀ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਸਾਨੂੰ ਘੱਟ-ਘੱਟ ਇੰਨੇ ਤੱਤ ਖੇਤ ਵਿਚ ਪਾਉਣੇ ਚਾਹੀਦੇ ਹਨ । ਜੇਕਰ ਜ਼ਰੂਰੀ ਤੱਤਾਂ ਵਿਚੋਂ ਇਕ ਤੱਤ ਦੀ ਵੀ ਕਮੀ ਆਉਂਦੀ ਹੈ ਤਾਂ ਨਾ ਸਿਰਫ ਝਾੜ ਘੱਟਦਾ ਹੈ ਸਗੋਂ ਫਲ ਦੀ ਗੁਣਵੱਤਾ ਤੇ ਵੀ ਮਾੜਾ ਅਸਰ ਪੈਂਦਾ ਹੈ ਜੋ ਕਿ ਸਿੱਧੇ ਤੌਰ ਤੇ ਕਿਸਾਨ ਦਾ ਆਰਥਿਕ ਨੁਕਸਾਨ ਹੈ । ਇਸ ਨੁਕਸਾਨ ਤੋਂ ਬਚਣ ਲਈ ਜ਼ਰੂਰੀ ਹੈ ਕਿ ਤੱਤ ਦੀ ਘਾਟ ਦਾ ਪਹਿਲਾਂ ਹੀ ਪਤਾ ਲਗਾ ਲਿਆ ਜਾਵੇ ਜੋ ਕਿ ਪੱਤਾ ਪਰਖ ਨਾਲ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ ।

**ਪੱਤਿਆਂ ਅਤੇ ਮਿੱਟੀ ਦੀ ਪਰਖ** : ਬੂਟੇ ਦੀਆਂ ਪੱਤਿਆਂ ਦੀ ਪਰਖ ਦੇ ਅਧਾਰ ਤੇ ਖਾਦ ਦੀ ਵਰਤੋਂ ਇੱਕ ਉੱਨਤ ਅਤੇ ਵਿਸ਼ਵਾਸ ਯੋਗ ਤਕਨੀਕ ਵਜੋਂ ਵਿਕਸਿਤ ਹੋ ਰਹੀ ਹੈ । ਇਸ ਤਕਨੀਕ ਵਜੋਂ ਵਿਕਸਿਤ ਹੋ ਰਹੀ ਹੈ । ਇਸ ਤਕਨੀਕ ਵਿਚ ਬੂਟੇ ਦੇ ਚਾਰੇ ਪਾਸਿਆਂ ਤੋਂ ਲਗਭਗ 50 ਪਤਝੜ ਰੁੱਤ ਦੇ 4-5 ਮਹੀਨੇ ਪੁਰਾਣੇ ਅਤੇ ਦੂਜੇ ਅਤੇ ਤੀਜੇ ਪੱਤਿਆਂ ਦੇ ਜੋੜੇ, ਫਰਵਰੀ-ਮਾਰਚ ਮਹੀਨੇ ਦੌਰਾਨ ਇਕੱਠੇ ਕਰਕੇ ਵੱਖ ਵੱਖ ਤੱਤਾਂ ਦੀ ਘਾਟ ਦਾ ਪਤਾ ਲਗਾਉਣ ਲਈ ਵਰਤੇ ਜਾਂਦੇ ਹਨ (ਚਿੱਤਰ ਨੰਬਰ-1)

ਪੱਤਿਆਂ ਦਾ ਨਮੂਨੇ ਲੈਣ ਵੇਲੇ ਧਿਆਨ ਰੱਖੋ ਕਿ




ਚਿੱਤਰ 1 : ਪੱਤਿਆਂ ਦੀ ਪਰਖ ਲਈ ਨਮੂਨਾ ਲੈਣ ਲਈ ਤਰਤੀਬ

★ ਲਗਭਗ 50 ਪੱਤੇ ਇਕਸਾਰ ਬੂਟਿਆਂ ਤੋਂ, ਚਾਰੇ ਪਾਸਿਉਂ (ਉੱਤਰ, ਦੱਖਣ, ਪੂਰਬ, ਪੱਛਮ) ਇੱਕ ਤੋਂ ਦੋ ਮੀਟਰ ਦੀ ਉੱਚਾਈ ਤੱਕ ਲਵੋ ।

★ ਬਾਗ ਦੇ ਚੁਣੇ ਹੋਏ ਬਲਾਕਾਂ ਵਿੱਚੋਂ 10-20% ਇਕਸਾਰ ਬੂਟਿਆਂ ਤੋਂ ਪੱਤਿਆਂ ਦੇ ਨਮੂਨੇ ਲਉ ।

★ ਲੀਚੀ ਦੇ ਪੱਤਿਆਂ ਦਾ ਨਮੂਨੇ ਫਰਵਰੀ-ਮਾਰਚ ਮਹੀਨੇ ਦੌਰਾਨ ਲਵੋ ।

★ ਜੇਕਰ ਬੂਟੇ ਵੱਖ ਵੱਖ ਉਮਰ ਅਤੇ ਵੱਖ ਵੱਖ ਕਿਸਮ ਦੇ ਹੋਣ ਤਾਂ ਪੱਤਿਆਂ ਦੇ ਨਮੂਨੇ ਵੱਖੋ ਵੱਖਰੇ ਲਵੋ ਅਤੇ ਆਪਸ ਵਿਚ ਨਾ ਮਿਲਾਓ ।

★ ਪੱਤਿਆਂ ਦੇ ਨਮੂਨੇ ਵੱਖ-ਵੱਖ ਕਾਗਜ਼ ਦੇ ਲਿਫਾਫਿਆਂ ਵਿੱਚ ਪਾ ਕੇ ਜਲਦੀ ਤੋਂ ਜਲਦੀ ਪੱਤਾ ਘੋਖ ਪ੍ਰਯੋਗਸ਼ਾਲਾ ਵਿਚ ਭੇਜੋ । ਲਿਫਾਫਿਆਂ ਨੂੰ ਬਰਫ ਵਿੱਚ ਰੱਖੋ ।

★ ਪੱਤਿਆਂ ਦੇ ਨਮੂਨੇ ਫਲ ਵਿਗਿਆਨ ਵਿਭਾਗ, ਪੀ.ਏ.ਯੂ., ਲੁਧਿਆਣਾ ਜਾਂ ਖੇਤਰੀ ਕੇਂਦਰ, ਅਬੋਹਰ, ਬਠਿੰਡਾ ਅਤੇ ਗੁਰਦਾਸਪੁਰ ਜਾਂ ਬਾਗਬਾਨੀ ਵਿਭਾਗ, ਪੰਜਾਬ ਦੇ ਹੁਸ਼ਿਆਰਪੁਰ ਅਤੇ ਬਾਦਲ ਸਥਿਤ ਸਿਟਰਸ ਅਸਟੇਟਾਂ ਤੋਂ ਪਰਖ ਕਰਵਾਏ ਜਾ ਸਕਦਾ ਹੈ । ਪੱਤਿਆਂ ਦੀ ਪਰਖ ਤੋਂ ਇਲਾਵਾ ਬਾਗ ਦੀ ਮਿੱਟੀ ਪਰਖ ਦੇ ਆਧਾਰ ਤੇ ਵੱਖ ਵੱਖ ਤੱਤਾਂ ਦੀ ਵਰਤੋਂ ਦੀ ਬਾਗ ਦੀ ਮਿੱਟੀ ਦੇ ਸੈਂਪਲ ਨੂੰ ਨਿਯਮਿਤ ਤੌਰ ਤੇ 2-3 ਸਾਲ ਬਾਅਦ ਜਾਂ ਚਕਰਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਵੱਖ ਵੱਖ ਤੱਤਾਂ ਦੀ ਘਾਟ ਦਾ ਪਹਿਲਾਂ ਹੀ ਪਤਾ ਲਗਾਇਆ ਜਾ ਸਕੇ ਅਤੇ ਮਿੱਟੀ ਪਰਖ ਰਿਪੋਰਟ ਅਨੁਸਾਰ ਲੋੜੀਂਦੀ ਖਾਦ ਦੀ ਵਰਤੋਂ ਕੀਤੀ ਜਾ ਸਕੇ ।

★ ਮਿੱਟੀ ਪਰਖ ਲਈ ਨਮੂਨੇ ਹਰ ਤਹਿ ਵਿੱਚੋਂ 500 ਗ੍ਰਾਮ ਮਿੱਟੀ ਦਾ ਨਮੂਨਾ ਲਉ ਜਿਵੇਂ ਕਿ ਉਪਰਲੀ 15 ਸੈਂਟੀਮੀਟਰ ਦੀ ਤਹਿ, 15 ਤੋਂ 30 ਸੈਂਟੀਮੀਟਰ ਦੀ ਤਹਿ, 30 ਤੋਂ 60 ਸੈਂਟੀਮੀਟਰ ਦੀ ਤਹਿ, 60 ਤੋਂ 90 ਸੈਂਟੀਮੀਟਰ ਦੀ ਤਹਿ, 90 ਤੋਂ 120 ਸੈਂਟੀਮੀਟਰ ਦੀ ਤਹਿ, 120 ਤੋਂ 150 ਸੈਂਟੀਮੀਟਰ ਦੀ ਤਹਿ, 150 ਤੋਂ 200 ਸੈਂਟੀਮੀਟਰ ਦੀ ਤਹਿ ।

★ ਮਿੱਟੀ ਦਾ ਨਮੂਨਾ ਲੋਹੇ ਦੀ ਵਰਮੀ ਨਾਲ ਜਾਂ ਟੋਆ ਪੁੱਟ ਕੇ ਲਵੋ ।

★ ਜੇਕਰ ਕੋਈ ਸਖਤ ਜਾਂ ਪਥਰੀਲੀ ਤਹਿ ਆ ਜਾਵੇ ਤਾਂ ਉਸਦੀ ਮੋਟਾਈ ਤੇ ਡੂੰਘਾਈ ਲਿਖ ਲਉ ਅਤੇ ਉਸਦਾ ਵੱਖਰਾ ਨਮੂਨਾ ਲਉ ।

★ ਮਿੱਟੀ ਦੇ ਨਮੂਨੇ ਉੱਤੇ ਤਹਿ ਦੀ ਡੂੰਘਾਈ ਲਿਖ ਲਉ ਅਤੇ ਹਰ ਨਮੂਨੇ ਨੂੰ ਵੱਖਰੇ ਕੱਪੜੇ ਦੀ ਸਾਫ ਥੈਲੀ ਵਿੱਚ ਬੰਨ੍ਹ ਲਵੋ ਤਾਂ ਕਿ ਨਮੂਨੇ ਇਕ ਦੂਜੇ ਵਿੱਚ ਨਾ ਮਿਲ ਜਾਣ ।

★ ਮਿੱਟੀ ਦਾ ਨਮੂਨੇ ਦੀ ਜਾਂਚ ਨੇੜੇ ਦੀ ਕਿਸੇ ਮਿੱਟੀ ਪਰਖ ਪ੍ਰਯੋਗਸ਼ਾਲਾ ਵਿੱਚੋਂ ਕਰਵਾਓ ।

**ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ**

**ਨਾਈਟ੍ਰੋਜਨ** : ਨਾਈਟ੍ਰੋਜਨ ਦੀ ਘਾਟ ਨਾਲ ਲੀਚੀ ਦੇ ਪੱਤੇ ਪੀਲੇ ਪੈਂਦੇ ਹਨ ਅਤੇ ਹੇਠਲੇ ਪੱਤੇ ਸੁੱਕਣਾ ਸ਼ੁਰੂ ਹੋ ਜਾਂਦੇ ਹਨ । ਇਸ ਦੀ ਘਾਟ ਨਾਲ ਪੌਦੇ ਦਾ ਵਾਧਾ ਰੁੱਕ ਜਾਂਦਾ ਹੈ । ਟਾਹਣੀਆਂ ਕਮਜ਼ੋਰ, ਪੱਤੇ ਛੋਟੇ, ਸਿੱਧੇ ਅਤੇ ਬੇਰੰਗੇ ਹਲਕੇ ਹਰੇ ਨਜ਼ਰ ਆਉਂਦੇ ਹਨ । ਪੁਰਾਣੇ ਪੱਤੇ ਕਿਨਾਰਿਆਂ ਤੋਂ ਘੁੰਮਾਉਦਾਰ ਦਿਸਣ ਲੱਗਦੇ ਹਨ । ਫਲ ਘੱਟ ਲੱਗਦਾ ਹੈ ਅਤੇ ਪੱਤੇ ਸਾਰਾ ਸਾਲ ਝੜਦੇ ਰਹਿੰਦੇ ਹਨ । ਆਮ ਤੌਰ ਤੇ ਨਾਈਟ੍ਰੋਜਨ ਦੀ ਘਾਟ ਨਾਲ ਨਵੇਂ ਪੱਤੇ ਪੂਰਾ ਵਾਧਾ ਨਹੀਂ ਲੈਂਦੇ ਅਤੇ ਨਵੀਆਂ ਟਾਹਣੀਆਂ ਅਤੇ ਕਰੂੰਬਲਾਂ ਬਿਨਾਂ ਪੱਤਿਆਂ ਦੇ ਨਜ਼ਰ ਆਉਣ ਲਗਦੀਆਂ ਹਨ । ਇਸ ਨਾਲ ਜੜ੍ਹਾ ਦਾ ਵਾਧਾ ਵੀ ਪ੍ਰਭਾਵਿਤ ਹੁੰਦਾ ਹੈ ।

**ਫਾਸਫੋਰਸ** : ਫਾਸਫੋਰਸ ਦੀ ਘਾਟ ਨਾਲ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਪੱਤੇ ਵੀ ਛੋਟੇ ਰਹਿੰਦੇ ਹਨ । ਪੱਤਿਆਂ ਵਾਲੀਆਂ ਕੋਪਲਾਂ ਵੱਡੀਆਂ, ਡੂੰਘੀਆਂ ਹਰੀਆਂ ਰਹਿੰਦੀਆਂ ਹਨ ਅਤੇ ਕਈ ਵਾਰ ਪੱਤੇ ਭੂਰੇ ਤੇ ਬੇਰੰਗੀ ਭਾਅ ਮਾਰਦੇ ਹਨ । ਜਿਸ ਵਿਚ ਪੱਤਿਆਂ ਦੀਆਂ ਨਾੜੀਆਂ ਵਿਚਲਾ ਖੇਤਰ ਸੁੱਕ ਜਾਂਦਾ ਹੈ । ਪੱਤਿਆਂ ਦਾ ਹਲਕਾ ਜਿਹਾ ਝੜਨਾ ਵੀ ਦਿਖਾਈ ਦਿੰਦਾ ਹੈ । ਫਾਸਫੋਰਸ ਦੀ ਘਾਟ ਨਾਲ ਫੁੱਲ ਪੈਣ, ਫੁੱਲ ਬਣਨ ਅਤੇ ਜੜਾਂ ਦੇ ਵਾਧੇ ਤੇ ਕੋਈ ਪਾਸ ਅਸਰ ਦੇਖਣ ਨੂੰ ਨਹੀਂ ਮਿਲਦਾ ।




ਚਿੱਤਰ 2 : ਨਾਈਟ੍ਰੋਜਨ ਦੀ ਘਾਟ ਦੀਆਂ ਨਿਸ਼ਾਨੀਆਂ (ਸੱਜੇ ਪਾਸੇ ਵਾਲੇ ਬੂਟਾ)

**ਪੋਟਾਸ਼ੀਅਮ** : ਪੋਟਾਸ਼ ਦੀ ਘਾਟ ਨਾਲ ਲੀਚੀ ਦੇ ਬੂਟੇ ਛੋਟੇ ਰਹਿ ਜਾਂਦੇ ਹਨ । ਫਲ ਵੀ ਘੱਟ ਲੱਗਦਾ ਹੈ । ਪੱਤਿਆਂ ਦੇ ਸਿਰੇ ਪੀਲੇ ਪੈਣ ਤੋਂ ਬਾਅਦ ਸੁੱਕ ਜਾਂਦੇ ਹਨ ਜੋ ਹੌਲੀ ਹੌਲੀ ਵੱਧਦੇ ਹਨ ਅਤੇ ਪੂਰਾ ਪੱਤਾ ਹੀ ਪੀਲਾ ਪੈ ਕੇ ਝੜ ਜਾਂਦਾ ਹੈ । ਇਹ ਵੀ ਦੇਖਿਆ ਗਿਆ ਹੈ ਕਿ ਪੋਟਾਸ਼ ਦੀ ਘਾਟ ਨਾਲ ਲੀਚੀ ਦੇ ਫਲ ਵੀ ਫੱਟ ਜਾਂਦੇ ਹਨ ਅਤੇ ਬੀਮਾਰੀਆਂ ਵੀ ਵੱਧ ਲੱਗਦੀਆਂ ਹਨ ।

**ਖਾਦ ਦੀ ਜਰੂਰੀ ਮਿਕਦਾਰ** : ਲੀਚੀ ਵਿੱਚ ਖਾਦਾਂ ਦੀ ਮਾਤਰਾ ਬੂਟੇ ਦੀ ਉਮਰ ਅਨੁਸਾਰ ਪਾਈ ਜਾਂਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ ।

**ਖਾਦ ਪਾਉਣ ਦਾ ਸਮਾਂ** : ਲੀਚੀ ਵਿੱਚ ਖਾਦ ਪਾਉਣਾ ਬੂਟਾ ਲਗਾਉਣ ਦੇ ਨਾਲ ਹੀ ਵਿਉਂਤਬੱਧ ਤਰੀਕੇ ਨਾਲ ਸ਼ੁਰੂ ਕਰਨਾ ਪੈਂਦਾ ਹੈ । ਪਹਿਲਾ ਤਿੰਨ ਸਾਲ ਬੂਟੇ ਨੂੰ ਖਾਦ ਦੀ ਬਹੁਤ ਘੱਟ ਲੋੜ ਪੈਂਦੀ ਹੈ । ਬੂਟੇ ਲਾਉਣ ਤੋਂ ਬਾਅਦ ਸ਼ੁਰੂ ਵਿੱਚ ਸਾਡਾ ਟੀਚਾ ਹੋਣਾ ਚਾਹੀਦਾ ਹੈ ਕਿ ਬੂਟੇ ਵਿੱਚ ਵੱਧ ਤੋਂ ਵੱਧ ਵਾਧਾ ਹੋ ਸਕੇ । ਆਮ ਤੌਰ ਤੇ ਨਵੇਂ ਲਗਾਏ ਬੂਟਿਆਂ ਨੂੰ ਖਾਦ ਦੀ ਲੋੜ ਘੱਟ ਹੁੰਦੀ ਹੈ । ਮਾੜੀਆਂ ਅਤੇ ਕਮਜ਼ੋਰ ਜ਼ਮੀਨਾਂ ਵਿੱਚ ਸਾਨੂੰ ਰੂੜੀ ਖਾਦ ਦੀ ਵਰਤੋਂ ਵੱਧ ਕਰਨੀ ਚਾਹੀਦੀ ਹੈ ਕਿਉਂਕਿ ਰੂੜੀ ਖਾਦ ਨਾ ਸਿਰਫ ਬੂਟੇ ਨੂੰ ਲੋੜੀਂਦੇ ਤੱਤ ਮੁਹੱਈਆ ਕਰਾਉਂਦੀ ਹੈ ਸਗੋਂ ਭੂਮੀ ਦੀ ਸਿਹਤ ਵਿੱਚ ਸੁਧਾਰ ਵੀ ਕਰਦੀ ਹੈ ਅਤੇ ਨਾਲ ਹੀ ਜ਼ਰੂਰੀ ਤੱਤਾਂ ਅਤੇ ਪਾਣੀ ਨੂੰ ਸੰਭਾਲਣ ਵਿੱਚ ਵੀ ਮਦਦ ਕਰਦੀ ਹੈ । ਅੱਧੀ ਨਾਈਟ੍ਰੋਜਨ ਅੱਧ ਫਰਵਰੀ ਵਿੱਚ ਅਤੇ ਬਾਕੀ ਦੀ ਅੱਧ ਅਪ੍ਰੈਲ ਵਿੱਚ ਫਲ ਲੱਗਣ ਪਿੱਛੋਂ ਦੇਣੀ ਚਾਹੀਦੀ ਹੈ । ਸਾਰੀ ਫਾਸਫੋਰਸ਼ ਅਤੇ ਪੋਟਾਸ਼ ਦਸੰਬਰ ਮਹੀਨੇ ਵਿੱਚ ਪਾਉਣੀ ਚਾਹੀਦੀ ਹੈ ।

**ਖਾਦ ਪਾਉਣ ਦਾ ਢੰਗ** : ਲੀਚੀ ਦੀਆਂ ਜੜ੍ਹਾਂ ਜ਼ਿਆਦਾ ਡੂੰਘੀਆਂ ਨਹੀਂ ਹੁੰਦੀਆਂ ਇਸ ਲਈ ਖਾਦਾਂ ਨੂੰ ਬੂਟੇ ਦੇ ਬਾਹਰੀ ਘੇਰੇ ਦੇ ਇੱਕ ਮੀਟਰ ਅੰਦਰ ਵਾਲੇ ਪਾਸੇ ਇੱਕ ਫੁੱਟ ਚੌੜਾਈ ਨਾਲ ਬੂਟੇ ਦੇ ਆਲੇ ਦੁਆਲੇ ਪਾ ਕੇ ਮਿੱਟੀ ਵਿਚ ਮਿਲਾਉਣਾ ਚਾਹੀਦਾ ਹੈ । ਖਾਦਾਂ ਨੂੰ ਬੂਟੇ ਦੇ ਤਣੇ ਕੋਲ ਨਹੀਂ ਪਾਉਣਾ ਚਾਹੀਦਾ ਇਸ ਨਾਲ ਬੂਟੇ ਨੂੰ ਨੁਕਸਾਨ ਪਹੁੰਚ ਸਕਦਾ ਹੈ । ਖਾਦ ਪਾਉਣ ਤੋਂ ਬਾਅਦ ਜੇਕਰ ਖੇਤ ਵਿਚ ਨਮੀਂ ਘੱਟ ਹੋਵੇ ਤਾਂ ਹਲਕਾ ਪਾਣੀ ਦਿੱਤਾ ਜਾ ਸਕਦਾ ਹੈ ।

| ਬੂਟੇ ਦੀ ਉਮਰ (ਸਾਲ) | ਯੂਰੀਆ ਦੀ ਮਾਤਰਾ (ਗ੍ਰਾਮ/ਬੂਟਾ) | ਸੁਪਰਫਾਸਫੇਟ ਦੀ ਮਾਤਰਾ (ਗ੍ਰਾਮ/ਬੂਟਾ) | ਮਿਊਰੇਟ ਆਫ ਪੋਟਾਸ਼ (ਗ੍ਰਾਮ/ਬੂਟਾ) | ਦੇਸੀ ਰੂੜੀ ਖਾਦ (ਕਿ.ਗ੍ਰਾ. ਪ੍ਰਤੀ ਬੂਟਾ) |
|---|---|---|---|---|
| 1-3 | 150-500 | 200-600 | 60-150 | 10-20 |
| 4-6 | 500-1000 | 750-1250 | 200-300 | 25-40 |
| 7-10 | 1500-1500 | 1500-2000 | 300-500 | 40-50 |
| 10 ਤੋਂ ਵੱਧ | 1600 | 2250 | 600 | 60 |

ਸ਼ਹਿਦ ਦੀਆਂ ਮੱਖੀਆਂ ਫੁੱਲਾਂ ਦਾ ਪਤਲਾ ਅਤੇ ਮਿੱਠਾ ਰਸ ਆਪਣੇ ਛੱਤਿਆਂ ਵਿੱਚ ਇਕੱਠਾ ਕਰਕੇ ਇਸਦਾ ਵਾਧੂ ਪਾਣੀ ਸੁਕਾਉਂਦੀਆਂ ਹਨ ਅਤੇ ਛੱਤੇ ਦੇ ਖਾਨਿਆਂ ਨੂੰ ਮੋਮੀ ਟੋਪੀਆਂ ਨਾਲ ਬੰਦ ਕਰ ਦਿੰਦੀਆਂ ਹਨ । ਇਹਨਾਂ ਮੱਖੀਆਂ ਦੁਆਰਾ ਛੱਤਿਆਂ ਵਿੱਚ ਇਕੱਠੇ ਕੀਤੇ ਇਸ ਗਾੜ੍ਹੇ ਅਤੇ ਮਿੱਠੇ ਤਰਲ ਪਦਾਰਥ ਨੂੰ ਸ਼ਹਿਦ ਕਿਹਾ ਜਾਂਦਾ ਹੈ । ਸ਼ਹਿਦ ਦੀ ਵਰਤੋਂ ਵੱਖ-ਵੱਖ ਬਿਮਾਰੀਆਂ ਦੇ ਇਲਾਜ ਵਿੱਚ ਇਕੱਲੇ ਜਾਂ ਹੋਰ ਤੱਤਾਂ ਨਾਲ ਜੋੜ ਕੇ ਕੀਤੀ ਜਾਂਦੀ ਹੈ । ਸ਼ਹਿਦ ਪੌਸ਼ਟਿਕ ਹੋਣ ਦੇ ਨਾਲ-ਨਾਲ ਚਿਕਿਤਸਕ ਮੁੱਲ ਵਾਲਾ ਕੁਦਰਤੀ ਉਤਪਾਦ ਹੈ । ਹਾਲਾਂਕਿ ਆਯੁਰਵੈਦ ਦੇ ਵੱਖ-ਵੱਖ ਅਧਿਐਨਾਂ ਵਿੱਚ ਸ਼ਹਿਦ ਲਾਭਦਾਇਕ ਸਾਬਤ ਹੋਇਆ ਹੈ, ਪਰ ਵਿਗਿਆਨੀ ਹੁਣ ਉਨ੍ਹਾਂ ਤਰੀਕਿਆਂ ਦੀ ਭਾਲ ਕਰ ਰਹੇ ਹਨ ਜਿਨ੍ਹਾਂ ਦੁਆਰਾ ਉਹ ਆਧੁਨਿਕ ਦਵਾਈਆਂ ਵਿੱਚ ਸ਼ਹਿਦ ਦੀ ਵਰਤੋਂ ਕਰ ਸਕਣ । ਇਸ ਤੋਂ ਇਲਾਵਾ ਸ਼ਹਿਦ ਮੱਖੀਆਂ ਹੋਰ ਕਈ ਤਰ੍ਹਾਂ ਦੇ ਹਾਈਵ ਪਦਾਰਥ ਅਤੇ ਪਰਾਗਣ ਸੇਵਾਵਾਂ ਵੀ ਪ੍ਰਦਾਨ ਕਰਦੀਆਂ ਹਨ ।



## ਗੁਣਾਂ ਨਾਲ ਭਰਪੂਰ

# ਸ਼ਹਿਦ ਮੱਖੀ ਦਾ ਅਨਮੋਲ ਤੋਹਫਾ

ਹਰਮੀਤ ਕੌਰ ਅਤੇ ਪ੍ਰਿੰਸੀ, ਕ੍ਰਿਸ਼ੀ ਵਿਗਿਆਨ ਕੇਂਦਰ, ਮੋਹਾਲੀ

**ਸ਼ਹਿਦ ਦੇ ਗੁਣ :**

1. ਸ਼ਹਿਦ ਵਿੱਚ ਜਲਦੀ ਹਜ਼ਮ ਹੋਣ ਵਾਲੀਆਂ ਇਕਹਿਰੀਆਂ ਖੰਡਾਂ ਹੋਣ ਕਰਕੇ ਇਹ ਤੁਰੰਤ ਊਰਜਾ ਪ੍ਰਦਾਨ ਕਰਦਾ ਹੈ ਜਿਸ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ ।

2. ਸ਼ਹਿਦ ਵਿੱਚ ਖੰਡਾਂ ਤੋਂ ਇਲਾਵਾ ਤੇਜ਼ਾਬ, ਪ੍ਰੋਟੀਨ, ਖਣਿਜ ਪਦਾਰਥ, ਇਨਜ਼ਾਈਮ ਅਤੇ ਵਿਟਾਮਿਨ ਹੁੰਦੇ ਹਨ ਜੋ ਸਾਡੇ ਸਰੀਰ ਲਈ ਕਾਫੀ ਲਾਭਦਾਇਕ ਹਨ ।

3. ਇਹ ਥਕਾਵਟ ਨੂੰ ਦੂਰ ਕਰਦਾ ਹੈ, ਪਾਚਣ ਸ਼ਕਤੀ ਅਤੇ ਜੋਸ਼ ਨੂੰ ਵਧਾਉਂਦਾ ਹੈ ।

4. ਸ਼ਹਿਦ ਵਿੱਚ ਐਂਟੀਬੈਕਟੀਰੀਅਲ ਅਤੇ ਐਂਟੀਫੰਗਲ ਗੁਣ ਹਨ ਜੋ ਕਿ ਸਾਨੂੰ ਚਮੜੀ ਰੋਗਾਂ ਤੋਂ ਛੁਟਕਾਰਾ ਦਿਵਾਉਣ ਵਿੱਚ ਮਦਦ ਕਰਦੇ ਹਨ ।

5. ਸ਼ਹਿਦ ਬਹੁਤ ਹੀ ਵਧੀਆ ਐਂਟੀਆਕਸੀਡੈਂਟ ਹੈ । ਇਸ ਦੀ ਵਰਤੋਂ ਕੈਂਸਰ ਅਤੇ ਦਿਲ ਦੀਆਂ ਬੀਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ ।

6. ਇਸ ਦੀ ਵਰਤੋਂ ਫੋੜੇ, ਫਿਨਸੀਆਂ, ਸਾਹ ਦੀ ਬਿਮਾਰੀ, ਜ਼ੁਕਾਮ ਅਤੇ ਉਲਟੀ ਆਦਿ ਦੇ ਇਲਾਜ ਲਈ ਵੀ ਕੀਤੀ ਜਾਂਦੀ ਹੈ ।

7. ਸ਼ਹਿਦ ਖ਼ੂਨ ਨੂੰ ਸਾਫ ਕਰਨ ਵਿੱਚ ਮਦਦ ਕਰਦਾ ਹੈ ਅਤੇ ਪੇਟ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ ।



8. ਸ਼ਹਿਦ ਬੱਚਿਆਂ ਵਿੱਚ ਬਿਸਤਰ ਗਿੱਲਾ ਕਰਨ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਮੱਦਦ ਕਰਦਾ ਹੈ ।

9. ਸ਼ਹਿਦ ਤਣਾਅ, ਮਾਨਸਿਕ ਖਿਚਾਅ ਅਤੇ ਮੋਟਾਪੇ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ ।

**ਸ਼ਹਿਦ ਦੇ ਘਰੇਲੂ ਉਪਚਾਰ :**

1. ਇੱਕੋ ਜਿਹੀ ਮਾਤਰਾ ਵਿੱਚ ਅਦਰਕ ਅਤੇ ਸ਼ਹਿਦ ਲੈਣ ਨਾਲ ਜ਼ੁਕਾਮ, ਗਲਾ ਅਤੇ ਛਾਤੀ ਬੰਦ ਹੋਣ ਨੂੰ ਠੀਕ ਕੀਤਾ ਜਾ ਸਕਦਾ ਹੈ ।

2. ਗੁਨਗੁਣੇ ਪਾਣੀ ਵਿਚ ਦੋ ਚੱਮਚ ਸ਼ਹਿਦ ਅਤੇ ਇੱਕ ਚਮਚ ਨਿੰਬੂ ਦਾ ਸੱਤ ਸਵੇਰੇ ਲੈਣ ਨਾਲ ਮੋਟਾਪਾ ਦੂਰ ਹੁੰਦਾ ਹੈ ।

3. ਅਨਾਨਾਸ ਦੇ ਛੋਟੇ-ਛੋਟੇ ਟੁਕੜੇ ਅੱਧਾ ਚਮਚ ਸ਼ਹਿਦ ਦੇ ਨਾਲ ਚਬਾਉਣ ਨਾਲ ਸਿਗਰਟ ਦੀ ਲਾਲਸਾ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ ।

4. ਬਹੁਤ ਜ਼ਿਆਦਾ ਖਾਂਸੀ ਜਾਂ ਰੇਸ਼ਾ ਹੋਣ ਦੀ ਸੂਰਤ ਵਿਚ ਇੱਕ ਚਮਚ ਸ਼ਹਿਦ ਅਤੇ ਥੋੜ੍ਹੀ ਜਿਹੀ ਕਾਲੀ ਮਿਰਚ ਦਾ ਮਿਸ਼ਰਣ ਖਾਣੇ ਤੋਂ ਬਾਅਦ ਲੈਣਾ ਚਾਹੀਦਾ ਹੈ ।

5. ਦੰਦਾਂ ਦੇ ਦਰਦ ਲਈ ਇੱਕ ਚਮਚ ਸ਼ਹਿਦ ਵਿੱਚ ਥੋੜਾ ਜਿਹਾ ਲੌਂਗ ਦਾ ਤੇਲ ਮਿਲਾ ਕੇ ਦਿਨ ਵਿੱਚ 2-3 ਵਾਰ ਇਸਤੇਮਾਲ ਕਰੋ । ਸ਼ਹਿਦ ਦੇ ਪਾਣੀ ਦੇ ਗਰਾਰੇ ਨਾਲ ਮਸੂੜੇ ਠੀਕ ਰਹਿੰਦੇ ਹਨ ।

6. ਸ਼ਹਿਦ ਦੀਆਂ ਬੂੰਦਾਂ ਅੱਖਾਂ ਵਿੱਚ ਪਾਉਣ ਨਾਲ ਅੱਖਾਂ ਦੀ ਰੌਸ਼ਨੀ ਵੱਧਦੀ ਹੈ ।

7. ਜੋੜਾਂ ਦੇ ਦਰਦ, ਬਲੱਡ ਪ੍ਰੈਸ਼ਰ, ਕੋਲੈਸਟਰੋਲ, ਬਦਹਜ਼ਮੀ, ਜਲਣ ਹੋਣ ਤੇ ਬਚਣ ਲਈ ਸੇਬ ਦੇ ਸਿਰਕੇ ਦੇ ਵਿਚ ਸ਼ਹਿਦ ਮਿਲਾ ਕੇ ਪੀਣ ਨਾਲ ਕਾਫੀ ਆਰਾਮ ਮਿਲਦਾ ਹੈ ।

**ਸੁੰਦਰਤਾ ਨਿਖਾਰਣ ਲਈ ਸ਼ਹਿਦ ਦਾ ਇਸਤੇਮਾਲ**

1. ਚਿਹਰੇ ਦਾ ਸਕਰਬ (Scrub) ਬਣਾਉਣ ਲਈ ਥੋੜੇ ਜਿਹੇ ਸ਼ਹਿਦ ਵਿੱਚ ਕੁੱਝ ਪੀਸੇ ਹੋਏ ਬਦਾਮ ਅਤੇ ਥੋੜਾ ਜਿਹਾ ਨਿੰਬੂ ਦਾ ਸਤ ਮਿਲਾਉ ।

2. ਬਦਾਮ ਦਾ ਤੇਲ, ਸ਼ਹਿਦ ਮੱਖੀਆਂ ਦੀ ਮੋਮ ਅਤੇ ਥੋੜਾ ਜਿਹਾ ਸ਼ਹਿਦ ਮਿਲਾ ਕੇ ਉਸ ਦਾ ਪੇਸਟ ਬਣਾ ਲਵੋ ਜੋ ਕਿ ਕੁਦਰਤੀ ਬਾਮ ਦਾ ਕੰਮ ਕਰੇਗਾ ।

3. ਸ਼ਹਿਦ ਨੂੰ ਦੁੱਧ ਅਤੇ ਬੇਸਣ ਵਿੱਚ ਮਿਲਾ ਕੇ ਲਗਾਉਣ ਨਾਲ ਚਮੜੀ ਖੁਸ਼ਕ ਨਹੀਂ ਹੁੰਦੀ ।

ਸ਼ਹਿਦ ਤੋਂ ਇਲਾਵਾ ਸ਼ਹਿਦ ਮੱਖੀਆਂ ਮਧੂ ਮੋਮ, ਪੋਲਨ, ਪ੍ਰੋਪੋਲਿਸ, ਰਾਇਲ ਜੈਲੀ, ਜ਼ਹਿਰ ਆਦਿ ਪੈਦਾ ਕਰਨ ਵਿਚ ਸਹਾਇਕ ਹਨ । ਸ਼ਹਿਦ ਮੱਖੀ ਪਾਲਕ ਭਰੋਸੇਯੋਗ ਸਰਕਾਰੀ ਅਦਾਰੇ ਤੋਂ ਟ੍ਰੇਨਿੰਗ ਲੈ ਕੇ ਇਹ ਹਾਈਵੇ ਪਦਾਰਥ ਦੀ ਵਰਤੋਂ ਮਨੁੱਖ ਦੀਆਂ ਕਈਂ ਬਿਮਾਰੀਆਂ/ਅਲਰਜ਼ੀ ਦੂਰ ਕਰਨ ਲਈ ਕੀਤੀ ਜਾਂਦੀ ਹੈ ।

ਸ਼ਹਿਦ ਮੱਖੀਆਂ ਦਾ ਫਸਲਾਂ, ਫਲਦਾਰ ਬੂਟਿਆਂ, ਸਬਜ਼ੀਆਂ ਅਤੇ ਹੋਰ ਕਈ ਬੂਟਿਆਂ ਦਾ ਪਰਾਗਣ ਕਰਕੇ ਉਹਨਾਂ ਦਾ ਝਾੜ ਵਧਾਉਣ ਵਿੱਚ ਵੀ ਕਾਫੀ ਮਹੱਤਵਪੂਰਣ ਯੋਗਦਾਨ ਹੈ । ਇੱਕ ਅੰਦਾਜ਼ੇ ਅਨੁਸਾਰ ਸ਼ਹਿਦ ਮੱਖੀਆਂ ਦੀ ਪਰਾਗਣ ਸੇਵਾ ਨਾਲ ਫਸਲ ਦੀ ਵਧੀ ਉੱਪਜ ਦਾ ਮੁੱਲ ਉਹਨਾਂ ਦੁਆਰਾ ਪੈਦਾ ਕੀਤੇ ਸ਼ਹਿਦ ਦੇ ਮੁੱਲ ਨਾਲੋਂ ਕੋਈ ਗੁਣਾ ਜ਼ਿਆਦਾ ਹੁੰਦਾ ਹੈ । ਇਸ ਕਰਕੇ ਸ਼ਹਿਦ ਮੱਖੀਆਂ ਕੇਵਲ ਮੱਖੀ ਪਾਲਕਾਂ ਲਈ ਹੀ ਨਹੀਂ ਸਗੋਂ ਸਮੁੱਚੀ ਕਿਸਾਨੀ ਅਤੇ ਸੰਸਾਰ ਲਈ ਲਾਹੇਵੰਦ ਹਨ ।

**'ਪਰਾਗਣ ਸੇਵਾ ਨਾਲ ਝਾੜ ਵਧਾਉਣ
ਲਈ ਸ਼ਹਿਦ ਮੱਖੀਆਂ ਨੂੰ ਪਾਲ
ਜੀਵਨ ਵਿੱਚ ਤੰਦਰੁਸਤੀ ਪਾ ਲੈ
ਮਿੱਠੇ ਸ਼ਹਿਦ ਦੇ ਨਾਲ ।"**

# ਸਿਹਤਮੰਦ ਖ਼ੁਰਾਕ ਲਈ ਨੁਕਤੇ

ਸੁਚੱਜੀ ਚੋਣ ਅਤੇ ਵੱਖ-ਵੱਖ ਭੋਜਨਾਂ ਦੇ ਸੁਮੇਲ ਨਾਲ ਖ਼ੁਰਾਕ ਵਿਚ ਮੌਜੂਦ ਸਭ ਤਰ੍ਹਾਂ ਦੇ ਪੌਸ਼ਟਿਕ ਤੱਤਾਂ ਨੂੰ ਸਰੀਰ ਲਈ ਉਪਲੱਬਧ ਕਰਵਾਇਆ ਜਾ ਸਕਦਾ ਹੈ । ਵੱਖ-ਵੱਖ ਤਰ੍ਹਾਂ ਦੇ ਭੋਜਨ ਸਰੀਰ ਨੂੰ ਸਭ ਤਰ੍ਹਾਂ ਦੇ ਪੌਸ਼ਟਿਕ ਤੱਤ ਪਹੁੰਚਾਉਣ ਲਈ ਸਭ ਤੋਂ ਵਧੀਆ ਜ਼ਰੀਆ ਬਣਦੇ ਹਨ । ਉਦਾਹਰਣ ਦੇ ਤੌਰ ਤੇ ਅਨਾਜ, ਮੋਟੇ ਅਨਾਜ ਅਤੇ ਦਾਲਾਂ ਜ਼ਿਆਦਾਤਰ ਪੌਸ਼ਟਿਕ ਤੱਤਾਂ ਦਾ ਇਕ ਸੋਮਾ ਹੈ । ਰੋਜ਼ਾਨਾ ਦੀ ਪ੍ਰੋਟੀਨ ਲੋੜ ਨੂੰ ਪੂਰਾ ਕਰਨ ਲਈ ਇੰਡੀਅਨ ਕਾਉਂਸਲ ਆਫ ਮੈਡੀਕਲ ਰਿਸਰਚ ਨੇ ਅਨਾਜ-ਦਾਲਾਂ-ਦੁੱਧ ਖ਼ੁਰਾਕ ਦੀ 3:1:2.5 ਮਿਕਦਾਰੀ ਦੀ ਸਿਫਾਰਿਸ਼ ਕੀਤੀ ਹੈ ।

★ ਦੋ ਜਾਂ ਤਿੰਨ ਦਾਲਾਂ ਨੂੰ ਰਲਾ ਕੇ ਖਾਣ ਨਾਲ ਇਹਨਾਂ ਦੀ ਖ਼ੁਰਾਕੀ ਮਹੱਤਤਾ ਵੱਧਦੀ ਹੈ । ਸੋਇਆਬੀਨ ਦੀ ਦਾਲ ਨੂੰ ਆਪਣੀ ਖ਼ੁਰਾਕ ਦਾ ਹਿੱਸਾ ਬਣਾਓ । ਸੋਇਆਬੀਨ ਵਿਚ ਬਾਕੀ ਦਾਲਾਂ ਨਾਲੋਂ ਵੱਧ ਅਤੇ ਚੰਗੀ ਕਿਸਮ ਦਾ ਪ੍ਰੋਟੀਨ ਹੁੰਦਾ ਹੈ ।

★ ਦਾਲਾਂ ਨੂੰ ਪੁੰਗਰਾ ਕੇ ਖਾਓ । ਪੁੰਗਰਾਉਣ ਨਾਲ ਦਾਲਾਂ ਦੀ ਪੌਸ਼ਟਿਕਤਾ ਵੱਧਦੀ ਹੈ ਅਤੇ ਇਹ ਸਾਡੇ ਸਰੀਰ ਵਿਚ ਛੇਤੀ ਪੱਚ ਜਾਂਦੀਆਂ ਹਨ ।

★ ਰੇਸ਼ੇ ਯੁਕਤ ਭੋਜਨ ਵੱਧ ਤੋਂ ਵੱਧ ਖਾਓ ਜਿਵੇਂ ਕਿ ਫਲ, ਸਬਜ਼ੀਆਂ, ਸਾਬਤ ਅਨਾਜ ਅਤੇ ਦਾਲਾਂ । ਇਹਨਾਂ ਨੂੰ ਖਾ ਕੇ ਛੇਤੀ ਭੁੱਖ ਨਹੀਂ ਲੱਗਦੀ । ਖ਼ੁਰਾਕੀ ਰੇਸ਼ੇ ਸ਼ੂਗਰ ਨੂੰ ਵੀ ਕੰਟਰੋਲ ਵਿਚ ਰੱਖਦੇ ਹਨ ।

★ ਰੋਜ਼ਾਨਾ ਖ਼ੁਰਾਕ ਵਿਚ ਹਰੇ, ਸੰਤਰੀ, ਚਿੱਟੇ, ਜਾਮਣੀ, ਲਾਲ ਅਤੇ ਪੀਲੇ ਫਲ ਅਤੇ ਸਬਜ਼ੀਆਂ ਨੂੰ ਸ਼ਾਮਲ ਕਰੋ । ਰੰਗ ਬਿਰੰਗੀਆਂ ਸਬਜ਼ੀਆਂ ਅਤੇ ਫਲ ਐਂਟੀਆਕਸੀਡੈਂਟ ਅਤੇ ਹੋਰ ਭੋਜਨ ਤੱਤਾਂ ਦਾ ਖਜ਼ਾਨਾ ਹਨ । ਇਹਨਾਂ ਸਦਕਾ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਮਿਲਦੀ ਹੈ ।

★ ਘਿਓ ਅਤੇ ਮੱਖਣ ਦੀ ਵਰਤੋਂ ਸੰਜਮਤਾ ਨਾਲ ਕਰੋ ਕਿਉਂਕਿ ਇਹਨਾਂ ਨੂੰ ਵਧੇਰੇ ਮਾਤਰਾ ਵਿਚ ਖਾਣ ਨਾਲ ਖ਼ੂਨ ਵਿਚ ਕੋਲੈਸਟਰੋਲ ਦੀ ਮਾਤਰਾ ਵੱਧ ਜਾਂਦੀ ਹੈ, ਜਿਸ ਨਾਲ ਦਿਲ ਦੇ ਰੋਗ ਹੋਣ ਦਾ ਖਤਰਾ ਵੱਧ ਜਾਂਦਾ ਹੈ ।

★ ਦੁੱਧ ਨਾਲੋਂ ਦਹੀਂ ਵਧੇਰੇ ਲਾਭਦਾਇਕ ਹੁੰਦਾ ਹੈ ਕਿਉਂਕਿ ਨਾ ਸਿਰਫ ਦਹੀਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਸਗੋਂ ਇਹ ਸਰੀਰ ਨੂੰ ਬਿਮਾਰੀ ਨਿਰੋਧਕ ਬੈਕਟੀਰੀਆ ਵੀ ਪ੍ਰਦਾਨ ਕਰਨਾ ਹੈ ।



★ ਸਰੀਰ ਨੂੰ ਪਾਣੀ ਦੀ ਕਮੀ ਤੋਂ ਬਚਾਉਣ ਲਈ ਅਤੇ ਜ਼ਹਿਰੀਲੇ ਪਦਾਰਥਾਂ ਦੇ ਸਰੀਰ ਵਿੱਚੋਂ ਨਿਕਾਸ ਲਈ ਰੋਜ਼ਾਨਾ 8-10 ਗਲਾਸ ਪਾਣੀ ਪੀਓ । ਰਵਾਇਤੀ ਪੇਅ ਪਦਾਰਥਾਂ ਜਿਵੇਂ ਕਿ ਲੱਸੀ, ਕਾਂਜੀ, ਸੱਤੂ, ਆਮਪੰਨਾ, ਜਲਜ਼ੀਰਾ ਆਦਿ ਦੇ ਸੇਵਨ ਨੂੰ ਤਰਜੀਹ ਦਿਓ । ਕਾਰਬੋਨੇਟਡ ਪੇਅ ਪਦਾਰਥਾਂ ਤੋਂ ਪਰਹੇਜ਼ ਕਰੋ ।

★ ਭੋਜਨ ਵਿਚ ਮਿਠਾਸ ਲਈ ਖੰਡ ਦੀ ਬਜਾਇ ਗੁੜ, ਸ਼ੱਕਰ, ਸ਼ਹਿਦ ਦਾ ਇਸਤੇਮਾਲ ਕਰੋ । ਇਹ ਰਸਾਇਣਕ ਪਦਾਰਥਾਂ ਤੋਂ ਰਹਿਤ ਹੁੰਦੇ ਹਨ ਅਤੇ ਵਧੀਆ ਪੋਸ਼ਣ ਪ੍ਰਦਾਨ ਕਰਦੇ ਹਨ ।

★ ਵਰਜਿਸ਼ ਅਤੇ ਸਰੀਰਕ ਗਤੀਵਿਧੀਆਂ ਸਰੀਰ ਨੂੰ ਸਿਹਤਮੰਤ ਅਤੇ ਨਿਰੋਗ ਰੱਖਦੀਆਂ ਹਨ । ਰੋਜ਼ਾਨਾ ਦੀ 30 ਮਿੰਟ ਦੀ ਕਸਰਤ ਨਾਲ ਸਰੀਰਕ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਕੀਤਾ ਜਾ ਸਕਦੀ ਹੈ ।

ਸੰਤੁਲਿਤ ਖ਼ੁਰਾਕ, ਸੁਚੱਜੀ ਜੀਵਨ ਸ਼ੈਲੀ, ਭਰਪੂਰ ਨੀਂਦ, ਸਾਫ-ਸਫਾਈ, ਕੁਦਰਤ ਨਾਲ ਨੇੜਤਾ, ਤਾਜ਼ੀ ਹਵਾ ਅਤੇ ਧੁੱਪ ਦੀ ਪ੍ਰਾਪਤੀ, ਸਰੀਰ ਵਿਚਲੀ ਨਮੀਂ ਨੂੰ ਬਰਕਰਾਰ ਰੱਖਣਾ ਅਤੇ ਜੀਵਨ ਪ੍ਰਤੀ ਉਸਾਰੂ ਰਵੱਈਆ ਸਿਹਤਮੰਦੀ ਵੱਲ ਪੈੜਾਂ ਪੁੱਟਣ ਦੇ ਅਹਿਮ ਕਾਰਕ ਹਨ ।

**ਸੋਨਿਕਾ ਸ਼ਰਮਾ, ਭੋਜਨ ਅਤੇ ਪੋਸ਼ਣ ਵਿਭਾਗ, ਲੁਧਿਆਣਾ**
**ਮੋਬਾਇਲ : 81461-22277**

## ਵਿਗਿਆਨਕ ਖੇਤੀ ਦੇ ਦੌਰ ਵਿਚ ਕਿਸਾਨ

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਨਵੀਨਤਮ ਪਸਾਰ-ਗਤੀਵਿਧੀਆਂ ਦਾ ਲਾਹਾ ਲੈਣ

**ਅਜੋਕੇ ਸਮੇਂ ਵਿਚ ਸੂਚਨਾ ਅਤੇ ਪਸਾਰ ਤਕਨੀਕਾਂ ਵਿਚ ਆਈ ਕ੍ਰਾਂਤੀ ਦਾ ਲਾਹਾ ਹਰ ਖੇਤਰ ਵਿਚ ਬਾਖੂਬੀ ਲਿਆ ਜਾ ਰਿਹਾ ਹੈ । ਖੇਤੀ ਖੇਤਰ ਵਿੱਚ ਵੀ ਇਸ ਦੀ ਅਹਿਮੀਅਤ ਬਹੁਤ ਵਧ ਰਹੀ ਹੈ ਅਤੇ ਇਸ ਨਾਲ ਖੇਤੀ ਪਸਾਰ ਨੂੰ ਵੀ ਨਵੀਂ ਦਿਸ਼ਾ ਮਿਲਾ ਹੈ । ਅਜਿਹੇ ਦੌਰ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਵੀ ਵੱਧ ਤੋਂ ਵੱਧ ਕਿਸਾਨਾਂ ਤੱਕ ਨਵੀਨਤਮ ਖੇਤੀ ਜਾਣਕਾਰੀ ਅਤੇ ਹੋਰ ਸੇਧਾਂ ਪਹੁੰਚਾਉਣ ਲਈ ਆਪਣੀਆਂ ਪਸਾਰ ਸੇਵਾਵਾਂ ਨੂੰ ਸਮੇਂ ਦਾ ਹਾਣੀ ਬਣਾਇਆ ਹੈ । ਯੂਨੀਵਰਸਿਟੀ ਵੱਲੋਂ ਜਿੱਥੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਹਰ ਤਰ੍ਹਾਂ ਦੀ ਜਾਣਕਾਰੀ ਰਵਾਇਤੀ ਢੰਗਾਂ ਜਿਵੇਂ ਕਿ ਰੇਡਿਓ, ਟੈਲੀਵਿਜ਼ਨ, ਅਖਬਾਰਾਂ, ਰਸਾਲਿਆਂ ਜਾਂ ਹੋਰ ਅਜਿਹੇ ਮਾਧਿਅਮਾਂ ਰਾਹੀਂ ਪਹੁੰਚਾਈ ਜਾ ਰਹੀ ਹੈ ਉੱਥੇ ਖੇਤੀ ਕਾਸ਼ਤਕਾਰਾਂ ਤੱਕ ਤੁਰੰਤ ਨਵੀਂ ਜਾਣਕਾਰੀ ਪਹੁੰਚਾਉਣ ਲਈ ਸੂਚਨਾ ਅਤੇ ਤਕਨਾਲੋਜੀ ਦੇ ਆਧੁਨਿਕ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ ।**

**ਮੱਖਣ ਸਿੰਘ ਭੁੱਲਰ,**
**ਨਿਰਦੇਸ਼ਕ ਪਸਾਰ ਸਿੱਖਿਆ**

**ਇਲੈਕਟ੍ਰਾਨਿਕ ਮਾਧਿਅਮਾਂ ਰਾਹੀਂ ਜਾਣਕਾਰੀ** : ਅਜੋਕੇ ਇਲੈਕਟ੍ਰਾਨਿਕ ਯੁੱਗ ਵਿਚ ਖੇਤੀ ਅਤੇ ਖੇਤੀ ਅਧਾਰਿਤ ਧੰਦਿਆਂ ਸੰਬੰਧੀ ਸੰਪੂਰਨ ਜਾਣਕਾਰੀ ਪਹੁੰਚਾਉਣ ਲਈ ਯੂਨੀਵਰਸਿਟੀ ਕਿਸਾਨਾਂ ਦੀ ਸੇਵਾ ਅਤੇ ਸਹਿਯੋਗ ਲਈ ਤਕਰੀਬਨ ਹਰ ਸੋਸ਼ਲ ਮੀਡਿਆ ਪਲੇਟਫਾਰਮ ਤੇ ਮੌਜੂਦ ਹੈ । ਵੱਖ-ਵੱਖ ਮਾਧਿਅਮ ਜਿਵੇਂ ਕਿ ਪੀ.ਏ.ਯੂ. ਵੈਬਸਾਈਟ, ਫੇਸਬੁੱਕ, ਟਵਿੱਟਰ (ਐਕਸ), ਪੀ. ਏ. ਯੂ. ਕਿਸਾਨ ਐਪ, ਇੰਸਟਾਗ੍ਰਾਮ, ਯੂਟਿਊਬ ਰਾਹੀਂ ਕਿਸਾਨਾਂ ਤੱਕ ਹਰ ਤਰ੍ਹਾਂ ਦੀ ਜਾਣਕਾਰੀ ਪਹੁੰਚਾਈ ਜਾ ਰਹੀ ਹੈ । ਯੂਨੀਵਰਸਿਟੀ ਵੱਲੋਂ ਹਰ ਵੀਰਵਾਰ ਸਵੇਰੇ 11.00 ਵਜੇ ਆਪਣੇ ਫੇਸਬੁੱਕ ਪੇਜ ਯੂਟਿਊਬ ਚੈਨਲ ਤੇ ਲਾਈਵ ਪ੍ਰੋਗਰਾਮ ਕੀਤਾ ਜਾਂਦਾ ਹੈ ਅਤੇ ਇਸ ਪ੍ਰੋਗਰਾਮ ਕੀਤਾ ਜਾਂਦਾ ਹੈ ਅਤੇ ਇਸ ਪ੍ਰੋਗਰਾਮ ਵਿਚ ਕਿਸਾਨਾਂ ਦੇ ਸਵਾਲਾਂ ਦੇ ਜੁਆਬ ਦਿੱਤੇ ਜਾਂਦੇ ਹਨ ਅਤੇ ਸਮੇਂ ਮੁਤਾਬਿਕ ਤਕਨੀਕੀ ਜਾਣਕਾਰੀ ਦਿੱਤੀ ਜਾਂਦੀ ਹੈ । ਵੱਖ-ਵੱਖ ਫਸਲਾਂ, ਸਬਜ਼ੀਆਂ, ਫਲਾਂ ਅਤੇ ਹੋਰ ਫਸਲਾਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣ ਲਈ 82880-57707 ਨੰਬਰ ਤੇ ਵਟਸਐਪ ਕਰਕੇ ਜਾਂ ਈ-ਮੇਲ (adcomm@pau.edu) ਰਾਹੀਂ ਸਵਾਲ ਕਰ ਸਕਦੇ ਹੋ । ਕਿਸਾਨ ਵੀਰ ਆਪਣੀ ਫਸਲ ਦੀ ਕਿਸੇ ਵੀ ਸਮੱਸਿਆ ਦੀ ਫੋਟੋ ਖਿੱਚ ਕੇ ਵੀ ਉਪਰੋਕਤ ਮੋਬਾਈਲ ਨੰਬਰ ਜਾਂ ਈ-ਮੇਲ ਪਤੇ ਤੇ ਭੇਜ ਸਕਦਾ ਹੈ । ਇਸ ਤੋਂ ਇਲਾਵਾ ਖੇਤੀ ਸੰਬੰਧਿਤ ਹਰ ਤਰ੍ਹਾਂ ਦੀ ਤਕਨੀਕੀ ਜਾਣਕਾਰੀ ਹਾਸਲ ਕਰਨ ਲਈ ਕਿਸਾਨ ਪੀ. ਏ. ਯੂ. ਦੀ ਵੈਬਸਾਈਟ www.pau.edu ਤੇ ਪ੍ਰਦਰਸ਼ਿਤ ''ਫਾਰਮਰ ਪੋਰਟਲ'' ਨੂੰ ਵੇਖ ਸਕਦੇ ਹਨ । ਕਿਸਾਨਾਂ ਦੀ ਸੇਵਾ ਯੂਨੀਵਰਸਿਟੀ ਵੱਲੋਂ ਪੀ.ਏ.ਯੂ. ਕਿਸਾਨ ਐਪ ਬਣਾਈ ਹੈ ਜਿਸ ਨੂੰ ਤੁਸੀਂ ਆਪਣੇ ਸਮਾਰਟ ਫੋਨ ਤੇ ਡਾਊਨਲੋਡ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਕਿਸੇ ਵੇਲੇ ਕਿਸੇ ਵੀ ਸਥਾਨ ਤੇ ਹਾਸਲ ਕਰ ਸਕਦੇ ਹੋ । ਜਿਹੜੇ ਕਿਸਾਨ ਇੰਟਰਨੈੱਟ ਨਾਲ ਜੁੜੇ ਹੋਏ ਹਨ । ਉਹ ਪੀ.ਏ.ਯੂ. ਦੇ ਦੂਤ ਬਣਕੇ ਈਮੇਲ ਰਾਹੀਂ ਸਾਰੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਇਸ ਜਾਣਕਾਰੀ ਨੂੰ ਅੱਗੋਂ ਆਪਣੇ ਪਿੰਡ ਵਿਚ ਪਸਾਰ ਸਕਦੇ ਹਨ । ਯੂਨੀਵਰਸਿਟੀ ਵੱਲੋਂ ਹਫਤੇ ਦੇ ਹਰ ਬੁੱਧਵਾਰ 'ਖੇਤੀ ਸੰਦੇਸ਼' ਦਾ ਨਾਂ ਦਾ ਡਿਜ਼ੀਟਲ ਅਖਬਾਰ ਜਾਰੀ ਕੀਤਾ ਜਾਂਦਾ ਹੈ, ਜਿਸਨੂੰ ਹਾਸਲ ਕਰਨ ਲਈ ਤੁਹਾਨੂੰ ਮੋਬਾਈਲ ਨੰਬਰ 82880-57707 ਤੇ ਸਿਰਫ ਇੱਕ ਮਿਸਡ ਕਾਲ ਦੇਣ ਦੀ ਹੀ ਲੋੜ ਹੈ । ਇਹਨਾਂ ਤੋਂ ਇਲਾਵਾ ਖੇਤੀ ਅਤੇ ਇਸ ਨਾਲ ਸੰਬੰਧਿਤ ਧੰਦਿਆਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਲਈ ਛੋਟੀਆਂ-ਛੋਟੀਆਂ ਰੀਲਾਂ ਬਣਾ ਕੇ ਟਵਿੱਟਰ (ਐਕਸ), ਫੇਸਬੁੱਕ ਤੇ ਇੰਸਟਾਗ੍ਰਾਮ ਤੇ ਪਾਈਆਂ ਜਾਂਦੀਆਂ ਹਨ ਤਾਂ ਕਿ ਕਿਸੇ ਫਸਲ ਜਾਂ ਹੋਰ ਧੰਦੇ ਸੰਬੰਧੀ ਸਮੱਸਿਆ ਦੇ ਹੱਲ ਸਬੰਧੀ ਜਾਣਕਾਰੀ ਤੁਰੰਤ ਪਹੁੰਚਾਈ ਜਾ ਸਕੇ । ਖੇਤੀ ਅਤੇ ਖੇਤੀ ਅਧਾਰਿਤ ਕੰਮਾਂ ਸਬੰਧੀ ਤੁਰੰਤ ਅਤੇ ਨਵੀਨਤਮ ਜਾਣਕਾਰੀ ਹਾਸਿਲ ਕਰਨ ਲਈ ਤੁਸੀਂ ਆਪਣੇ ਕਿਸੇ ਵੀ ਸਮਾਰਟ ਫੋਨ ਤੇ ਯੂਨੀਵਰਸਿਟੀ ਵੱਲੋਂ ਚਲਾਏ ਜਾਂਦੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਡਾਊਨਲੋਡ ਕਰ ਸਕਦੇ ਹੋ ।

ਪਿਛਲੇ ਕੁਝ ਸਾਲਾਂ ਵਿਚ ਮੌਸਮ ਵਿੱਚ ਬਹੁਤ ਹੀ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲ ਰਹੇ ਹਨ ਜਿਸ ਦੇ ਸਿੱਟੇ ਵਜੋਂ ਨਵੇਂ ਕੀੜੇ ਅਤੇ ਬਿਮਾਰੀਆਂ ਨਾਲ ਫਸਲ ਪ੍ਰਭਾਵਿਤ ਹੁੰਦੀ ਹੈ । ਮੌਸਮ ਦੇ ਬਦਲੇ ਮਿਜ਼ਾਜ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨੀਵਰਸਿਟੀ ਵੱਲੋਂ ਕਿਸਾਨਾਂ ਨੂੰ ਮੋਬਾਇਲ ਫੋਨ ਤੇ ਹਰ ਹਫਤੇ ਸੰਦੇਸ਼ ਭੇਜ ਕੇ ਸਲਾਹ ਦਿਤੀ ਜਾਂਦੀ ਹੈ । ਇਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਆਲੂਆਂ ਦੀ ਫਸਲ ਨੂੰ ਝੁਲਸ ਰੋਗ ਤੋਂ ਬਚਾਉਣ ਲਈ ਮੌਸਮ ਨਾਲ ਅਧਾਰਤ ਇੰਟਰਨੈੱਟ ਅਧਾਰਿਤ ਨਿਰਣਾਇਕ ਪ੍ਰਣਾਲੀ ਕਿਸਾਨਾਂ ਨੂੰ ਦਿੱਤੀ ਹੈ, ਜੋ ਕਿ ਯੂਨੀਵਰਸਿਟੀ ਦੀ ਵੈਬਸਾਈਟ ਉੱਪਰ ਮੌਜੂਦ ਹੈ ।

**ਟੈਲੀਫੋਨ ਰਾਹੀਂ ਜਾਣਕਾਰੀ** : ਖੇਤੀਬਾੜੀ ਨਾਲ ਸਬੰਧਿਤ ਵੱਖੋ-ਵੱਖ ਵਿਸ਼ਿਆਂ ਦੇ ਮਾਹਿਰ ਵੀ ਕਿਸਾਨਾਂ ਨੂੰ ਸਲਾਹ-ਮਸ਼ਵਰਾ ਸੇਵਾਵਾਂ ਮੁਹੱਈਆ ਕਰਨ ਲਈ ਹਮੇਸ਼ਾਂ ਹਾਜ਼ਰ ਰਹਿੰਦੇ ਹਨ ਅਤੇ ਇਹਨਾਂ ਵਿਗਿਆਨੀਆਂ ਦੇ ਫੋਨ ਨੰਬਰ ਪੀ.ਏ.ਯੂ. ਵੱਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦੀਆਂ ਸਿਫਾਰਸ਼ਾਂ, ਫਲ ਅਤੇ ਸਬਜ਼ੀਆਂ ਦੀ ਕਾਸ਼ਤ ਵਾਲੀਆਂ ਸਿਫਾਰਿਸ਼ਾਂ ਵਾਲੀਆਂ ਕਿਤਾਬਾਂ ਤੋਂ ਇਲਾਵਾ ਯੂਨੀਵਰਸਿਟੀ ਦੀ ਵੈਬਸਾਈਟ ਤੇ ਦਿੱਤੇ ਜਾਂਦੇ ਹਨ, ਜਿੱਥੋਂ ਨੰਬਰ ਲੈ ਕੇ ਤੁਸੀਂ ਇਹਨਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ । ਇਹਨਾਂ ਕਿਤਾਬਾਂ ਵਿਚ ਦਿੱਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ, ਫਾਰਮ ਸਲਾਹਕਾਰ ਸੇਵਾ ਕੇਂਦਰਾਂ, ਖੇਤਰੀ ਖੋਜ ਕੇਂਦਰਾਂ, ਫਲਦਾਰ ਬੂਟਿਆਂ ਦੀਆਂ ਨਰਸਰੀਆਂ ਦੇ ਫੋਨ ਨੰਬਰਾਂ ਤੇ ਸੰਪਰਕ ਕਰਕੇ ਖੇਤੀ ਤਕਨੀਕੀ, ਬੀਜਾਂ ਅਤੇ ਫਲਦਾਰ ਪੌਦਿਆਂ, ਹੋਰ ਸਹੂਲਤਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ । ਕਿਸਾਨ 0161-401960 ਨੰਬਰ ਤੇ ਫੋਨ ਕਰਕੇ 417 ਐਕਸਟੈਨਸ਼ਨ ਨੰਬਰ ਮੰਗ ਕੇ ਪੀ. ਏ. ਯੂ. ਕਿਸਾਨ ਹੈਲਪਲਾਈਨ ਦਾ ਲਾਹਾ ਲੈ ਸਕਦੇ ਹਨ ।



**ਲਿਖਤੀ ਜਾਣਕਾਰੀ ਅਤੇ ਪ੍ਰਕਾਸ਼ਨਾਵਾਂ** : ਖੇਤੀ ਨੂੰ ਵਿਗਿਆਨਕ ਲੀਹਾਂ ਤੇ ਤੋਰਨ ਲਈ ਯੂਨੀਵਰਸਿਟੀ ਵੱਲੋਂ ਹਾੜ੍ਹੀ ਸਾਉਣੀ, ਫਲ ਅਤੇ ਸਬਜ਼ੀਆਂ ਦੀਆਂ ਸਿਫਾਰਸ਼ਾਂ ਵਾਲੀਆਂ ਕਿਤਾਬਾਂ ਤੋਂ ਇਲਾਵਾ ਚੰਗੀ ਖੇਤੀ ਅਤੇ ਪ੍ਰੋਗਰੈਸਿਵ ਫਾਰਮਿੰਗ, ਮਾਸਿਕ ਰਸਾਲੇ ਵੀ ਛਾਪੇ ਜਾਂਦੇ ਹਨ, ਜੋ ਕਿ ਕਿਸਾਨਾਂ ਨੂੰ ਲਾਗਤ ਮੁੱਲ 'ਤੇ ਹੀ ਮੁਹੱਈਆ ਕੀਤੇ ਜਾਂਦੇ ਹਨ । ਯੂਨੀਵਰਸਿਟੀ ਦੇ ਸੰਚਾਰ ਕੇਂਦਰ ਵੱਲੋਂ ਹੋਰ ਵੀ ਬਹੁਤ ਸਾਰੇ ਵਿਸ਼ਿਆਂ ਤੇ ਕਿਤਾਬਚੇ ਛਾਪੇ ਜਾਂਦੇ ਹਨ । ਇਹ ਪ੍ਰਕਾਸ਼ਨਾਵਾਂ ਵੱਖ-ਵੱਖ ਜ਼ਿਲ੍ਹਿਆਂ ਵਿਚ ਸਥਿਤ ਕੇ.ਵੀ.ਕੇ., ਫਾਰਮ ਸਲਾਹਕਾਰ ਸੇਵਾ ਕੇਂਦਰਾਂ ਜਾਂ ਖੇਤੀ ਖੋਜ ਕੇਂਦਰਾਂ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ।

**ਵੱਖ-ਵੱਖ ਜ਼ਿਲ੍ਹਿਆਂ ਵਿਚ ਸਥਿਤ ਪਸਾਰ ਕੇਂਦਰਾਂ ਦੀਆਂ ਸੇਵਾਵਾਂ** : ਅਜੋਕੇ ਦੌਰ ਵਿਚ ਪੰਜਾਬ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਲੋਂ ਕਿਸਾਨਾਂ ਨੂੰ ਲਗਾਤਾਰ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ । ਇਹਨਾਂ ਕੇਂਦਰਾਂ ਵਲੋਂ ਵੱਖ-ਵੱਖ ਵਿਸ਼ਿਆਂ ਮੁਤਾਬਿਕ ਵੱਟਸਐਪ ਗਰੁੱਪ ਬਣਾਕੇ, ਖੇਤੀ ਵਿਕਾਸ ਨਾਲ ਜੁੜੇ ਮਹਿਕਮਿਆਂ ਜਿਵੇਂ ਕਿ ਖੇਤੀਬਾੜੀ, ਬਾਗਬਾਨੀ, ਕੋਆਪਰੇਟਿਵ ਮਹਿਕਮੇ, ਪਿੰਡਾਂ ਦੀਆਂ ਪੰਚਾਇਤਾਂ ਦੇ ਗਰੁੱਪਾਂ ਵਿਚ ਸ਼ਾਮਲ ਹੋ ਕੇ ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਕਰਕੇ ਖੇਤੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ । ਵੱਖ-ਵੱਖ ਖੇਤੀ ਤਕਨੀਕਾਂ ਨੂੰ ਲਿਖਤੀ ਰੂਪ ਵਿਚ ਜਾਂ ਛੋਟੀਆਂ ਫਿਲਮਾਂ ਬਣਾ ਕੇ ਵੀ ਕਿਸਾਨਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ । ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਕਿਸਾਨ ਮੋਬਾਈਲ ਐਡਵਾਈਜ਼ਰੀ ਸਰਵਿਸ ਸ਼ੁਰੂ ਕੀਤੀ ਗਈ ਹੈ ਅਤੇ ਇਸ ਸਮੇਂ ਇਸ ਸੇਵਾ ਲਈ ਹਜ਼ਾਰਾਂ ਕਿਸਾਨਾਂ ਨੇ ਆਪਣਾ ਨਾਮ ਦਰਜ ਕੀਤਾ ਹੋਇਆ ਹੈ । ਇਸ ਤੋਂ ਇਲਾਵਾ ਪੰਜਾਬ ਦੇ 15 ਜ਼ਿਲ੍ਹਿਆਂ ਵਿਚ ਸਥਿਤ ਖੇਤੀ ਸਲਾਹਕਾਰੀ ਸੇਵਾ ਕੇਂਦਰ ਖੇਤੀ ਸੰਬੰਧੀ ਆਧੁਨਿਕ ਅਤੇ ਸੁਧਰੀਆਂ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਵੱਡੀ ਭੂਮਿਕਾ ਨਿਭਾਅ ਰਹੇ ਹਨ । ਇਹਨਾਂ ਕੇਂਦਰਾਂ ਵੱਲੋਂ ਆਪਣੇ ਜ਼ਿਲ੍ਹਿਆਂ ਵਿਚ ਕਿਸਾਨਾਂ ਨੂੰ ਖੇਤੀ ਉਤਪਾਦਨ, ਪੌਦ-ਸੁਰੱਖਿਆ ਤਕਨੀਕਾਂ ਅਤੇ ਖੇਤੀ ਸਾਧਨਾਂ ਦੀ ਸੁਚੱਜੀ ਵਰਤੋਂ ਬਾਰੇ ਸਲਾਹ ਦਿੱਤੀ ਜਾਂਦੀ ਹੈ ਤਾਂ ਕਿ ਫਸਲਾਂ, ਫਲਾਂ ਅਤੇ ਸਬਜ਼ੀਆਂ ਦੀ ਘੱਟ ਖਰਚੇ ਵਿਚ ਚੰਗੀ ਪੈਦਾਵਾਰ ਹੋ ਸਕੇ । ਪੰਜਾਬ ਐਗਰੀ-ਕਲਚਰਲ ਯੂਨੀਵਰਸਿਟੀ ਨੇ ਖੇਤੀ ਦੂਤ ਰਾਹੀਂ ਸੁਨੇਹੇ ਦੇ ਕੇ ਤਕਨੀਕੀ ਜਾਣਕਾਰੀ ਕਿਸਾਨ ਤੱਕ ਪਹੁੰਚਦੀ ਕਰਨ ਵਿਚ ਪਹਿਲਕਦਮੀ ਕੀਤੀ ਹੈ । ਇਹਨਾਂ ਨੂੰ ਈ-ਮੇਲ ਰਾਹੀਂ ਖੇਤੀਬਾੜੀ ਸਬੰਧਤ ਐਡਵਾਇਜ਼ਰੀ ਭੇਜੀ ਜਾਂਦੀ ਹੈ, ਤਾਂ ਕਿ ਉਹ ਆਪੋ ਆਪਣੇ ਪਿੰਡ ਵਿਚ ਉਸ ਜਾਣਕਾਰੀ ਨੂੰ ਦੂਜੇ ਕਿਸਾਨਾਂ ਤੱਕ ਵੀ ਪਹੁੰਚਦਾ ਕਰ ਸਕਣ । ਇਸ ਸਬੰਧ ਵਿਚ ਕਿਸਾਨ ਆਪਣਾ ਈਮੇਲ ਪਤਾ ਆਪਣੇ ਨਜ਼ਦੀਕ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਜਾਂ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਦਫਤਰ ਵਿਚ ਦੇ ਕੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ ।

**ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਸਿਖਲਾਈ ਕੋਰਸ** : ਯੂਨੀਵਰਸਿਟੀ ਦੇ ਵੱਖ-ਵੱਖ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਪੀ. ਏ. ਯੂ. ਸਥਿਤ ਸਕਿੱਲ ਡਿਵੈਲਪਮੈਂਟ ਸੈਂਟਰ ਵਲੋਂ ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਸਿਖਲਾਈ ਕੋਰਸ ਅਯੋਜਤ ਕੀਤੇ ਜਾ ਰਹੇ ਹਨ । ਇਹਨਾਂ ਸਿਖਲਾਈ ਕੋਰਸਾਂ ਦਾ ਸਾਰਾ ਬਿਊਰਾ ਯੂਨੀਵਰਸਿਟੀ ਦੀ ਵੈੱਬਸਾਈਟ ਤੇ ਪ੍ਰਦਰਸ਼ਿਤ ਕਿਸਾਨ ਪੋਰਟਲ ਤੋਂ ਇਲਾਵਾ, ਚੰਗੀ ਖੇਤੀ ਜਾਂ ਪ੍ਰੋਗਰੈਸਿਵ ਫਾਰਮਿੰਗ ਰਸਾਲਿਆਂ ਦੇ ਪਿਛਲੇ ਪੰਨਿਆਂ ਉੱਪਰ ਵੀ ਦਿੱਤਾ ਜਾਂਦਾ ਹੈ । ਯੂਨੀਵਰਸਿਟੀ ਦੀਆਂ ਕਿਤਾਬਾਂ ਵਿਚ ਦਿੱਤੇ ਗਏ ਟੈਲੀਫੋਨ ਨੰਬਰਾਂ ਤੇ ਸੰਪਰਕ ਕਰਕੇ ਵੀ ਸਿਖਲਾਈ ਕੋਰਸ ਸਬੰਧੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ । ਪੰਜਾਬ ਦੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਲਗਦੇ ਵਿਸ਼ੇਸ਼ ਸਿਖਲਾਈ ਕੋਰਸਾਂ ਲਈ ਸਕਿਲ ਡਿਵੈਲਪਮੈਂਟ ਸੈਂਟਰ ਨਾਲ ਰਾਬਤਾ ਕਾਇਮ ਕਰਨ ਲਈ ਯੂਨੀਵਰਸਿਟੀ ਦੀ ਵੈੱਬਸਾਈਟ ਦੇ ਹੋਮ ਪੇਜ ਤੇ ਜਾ ਕੇ ਕਿਸੇ ਵੀ ਤਰ੍ਹਾਂ ਦੀ ਸਿਖਲਾਈ ਲਈ ਅਰਜ਼ੀ ਦੇ ਸਕਦੇ ਹਨ ।

ਕਿਸਾਨ ਵੀਰੋ ਆਉਣ ਵਾਲੇ ਸਮੇਂ ਵਿਚ ਕਣਕ ਦੀ ਵਾਢੀ ਕੀਤੀ ਜਾਣੀ ਹੈ ਅਤੇ ਤੁਹਾਨੂੰ ਪੁਰਜ਼ੋਰ ਅਪੀਲ ਹੈ ਕਿ ਤੁਸੀਂ ਕਣਕ ਦੇ ਨਾੜ ਨੂੰ ਨਾ ਸਾੜਿਓ



ਕਿਉਂਕਿ ਇਸ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉਸ ਦੇ ਨਾਲ-ਨਾਲ ਵੱਡੀ ਮਾਤਰਾ ਵਿਚ ਖੁਰਾਕੀ ਤੱਕ ਅਤੇ ਸੂਖਮ ਜੀਵਾਣੂੰਆਂ ਦਾ ਨੁਕਸਾਨ ਹੁੰਦਾ ਹੈ ਅਤੇ ਨਾਲ ਹੀ ਬਹੁਤ ਸਾਰੇ ਪੌਦੇ ਅਤੇ ਪੰਛੀ ਸੜ ਜਾਂਦੇ ਹਨ । ਇਸ ਦੇ ਨਾਲ ਮੈਂ ਤੁਹਾਨੂੰ ਇਕ ਹੋਰ ਅਪੀਲ ਕਰਦਾ ਹਾਂ ਕਿ ਪੰਜਾਬ ਵਿਚ ਜ਼ਮੀਨੀ ਪਾਣੀ ਦੇ ਦਿਨੋ-ਦਿਨ ਨਿੱਘਰ ਰਹੇ ਪੱਧਰ ਨੂੰ ਠੱਲ੍ਹ ਪਾਉਣ ਲਈ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਕਿਸਮਾਂ ਦੀ ਹੀ ਬਿਜਾਈ ਕਰਿਓ ਅਤੇ ਪਾਣੀ ਬਚਾਉਣ ਲਈ ਹਰ ਹੀਲਾ ਵਰਤੋਂ ਵਿਚ ਲਿਆਓ । ਕਿਸਾਨ ਵੀਰੋ ਮਾਰਚ ਮਹੀਨੇ ਪੀ.ਏ.ਯੂ. ਲੁਧਿਆਣਾ ਅਤੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ 'ਖੇਤਾਂ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫਾ ਚੰਗਾ' ਦੇ ਉਦੇਸ਼ ਨਾਲ ਲੱਗਣ ਵਾਲੇ ਕਿਸਾਨ ਮੇਲਿਆਂ ਵਿਚ ਤੁਸੀਂ ਆਪਣੇ ਪਰਿਵਾਰ ਸਮੇਤ ਪਹੁੰਚੋ ਅਤੇ ਯੂਨੀਵਰਸਿਟੀ ਵੱਲੋਂ ਇਜ਼ਾਦ ਕੀਤੀਆਂ ਨਵੀਆਂ ਤਕਨੀਕਾਂ ਦੇਖੋ ਅਤੇ ਖੇਤੀ ਸਬੰਧੀ ਤਕਨੀਕੀ ਜਾਣਕਾਰੀ ਹਾਸਿਲ ਕਰਨ ਦੇ ਨਾਲ-ਨਾਲ ਸੁਧਰੀਆਂ ਕਿਸਮਾਂ ਦੇ ਬੀਜ, ਸਬਜ਼ੀਆਂ ਦੀ ਪਨੀਰੀ ਅਤੇ ਫੁੱਲਾਂ ਦੇ ਪੌਦੇ ਜ਼ਰੂਰ ਲੈ ਕੇ ਜਾਇਓ ।

**ਕਈ ਲੋਕ ਕਬੂਤਰ, ਤੋਤੇ ਆਦਿ ਬਾਹਰਲੇ ਮੁਲਕਾਂ ਵਿੱਚੋਂ ਲੈ ਕੇ ਆਉਂਦੇ ਹਨ ਅਤੇ ਉਹਨਾਂ ਨੂੰ ਪੁੱਤਾਂ ਵਾਂਗ ਪਾਲਦੇ ਹਨ । ਇਨਸਾਨ ਨੂੰ ਹੋਣ ਵਾਲੀਆਂ ਕਈਂ ਬਿਮਾਰੀਆਂ ਚਮਤਕਾਰੀ ਤੌਰ ਤੇ ਕਬੂਤਰਾਂ ਵਿੱਚ ਮੌਜੂਦ ਹੁੰਦੀਆਂ ਹਨ, ਜੋ ਕਿ ਪ੍ਰਤੱਖ ਨਹੀਂ ਹੁੰਦੀਆਂ, ਉਨ੍ਹਾਂ ਕੋਲ 30 ਤੋਂ ਜ਼ਿਆਦਾ ਰੋਗਾਂ ਨੂੰ ਇਨਸਾਨਾਂ ਵਿੱਚ ਫੈਲਾਉਣ ਦੀ ਸਮਰੱਥਾ ਹੈ । ਕਬੂਤਰਾਂ ਦੀਆਂ ਵਿੱਠਾਂ ਤੋਂ ਵਾਤਾਵਰਨ ਪ੍ਰਦੂਸ਼ਣ ਹੁੰਦਾ ਹੈ । ਕੁਝ ਲੋਕਾਂ ਲੋਈ, ਕਬੂਤਰ ਮਨੋਰੰਜਨ ਦਾ ਸਾਧਨ ਹਨ, ਜੋ ਕਿ ਰੋਟੀ ਦੇ ਕੁਝ ਫਾਲਤੂ ਟੁਕੜਿਆਂ ਨਾਲ ਖਰੀਦਿਆ ਜਾ ਸਕਦਾ ਹੈ, ਹੋਰਾਂ ਲਈ, ਕਬੂਤਰ, ਖੰਭ ਵਾਲੇ ਚੂਹੇ ਤੋਂ ਵੱਧ ਹੋਰ ਕੁੱਝ ਵੀ ਨਹੀਂ, ਜਿਨ੍ਹਾਂ ਵਿੱਚ ਹਾਨੀਕਾਰਕ ਜਰਾਸੀਮ ਹੂੰਦੇ ਹਨ, ਜੋ ਕਿ ਹਾਨੀਕਾਰਕ ਰੋਗ ਫੈਲਾਉਂਦੇ ਹਨ ।**

# ਕਬੂਤਰ ਵੀ ਫੈਲਾਉਂਦੇ ਹਨ ਮਨੁੱਖਾਂ ਵਿੱਚ ਬਿਮਾਰੀਆਂ

**ਡਾ. ਭੁਪਿੰਦਰ ਸਿੰਘ ਸੰਧੂ**
ਵੈਟਰਨਰੀ ਪਥਾਲੋਜੀ ਵਿਭਾਗ

ਕਬੂਤਰ ਸਮਾਜਿਕ ਜਾਨਵਰ ਹੈ, ਜੋ ਕਿ 20-30 ਦੇ ਗਰੁੱਪ (ਇੱਜੜ) ਵਿੱਚ ਰਹਿੰਦੇ ਹਨ । ਇਹ ਜੜੀ-ਬੂਟੀਆਂ ਖਾ ਕੇ ਗੁਜ਼ਾਰਾ ਕਰਦੇ ਹਨ । ਉਹਨਾਂ ਦੀ ਖੁਰਾਕ ਵਿੱਚ ਬੀਜ, ਫਲ ਅਤੇ ਵੱਖ-ਵੱਖ ਪੌਦੇ ਹੁੰਦੇ ਹਨ, ਉਹ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਪਛਾਣ ਸਕਦੇ ਹਨ, ਦੋ ਵੱਖ-ਵੱਖ ਤਸਵੀਰਾਂ 'ਤੇ ਉਸੇ ਹੀ ਮਨੁੱਖ ਦਾ ਪਤਾ ਲਗਾ ਲੈਂਦੇ ਹਨ, ਅੰਗਰੇਜ਼ੀ ਵਰਣਮਾਲਾ ਦੇ ਸਾਰੇ ਅੱਖਰ ਪਛਾਣ ਸਕਦੇ ਹਨ । ਕਬੂਤਰ ਬੇਮਿਸਾਲ ਨਜ਼ਰ ਦੇ ਮਾਲਕ ਹੁੰਦੇ ਹਨ ਅਤੇ ਕਬੂਤਰਾਂ ਦੀ ਸੁਣਵਾਈ ਦੀ ਵੀ ਬਹੁਤ ਸੰਵੇਦਨਸ਼ੀਲ ਭਾਵਨਾ ਹੈ, ਉਹ ਦੂਰ ਦੇ ਤੂਫਾਨ, ਭੂਚਾਲ ਅਤੇ ਜੁਆਲਾਮੁਖੀ ਖੋਜਣ ਦੇ ਯੋਗ ਹੁੰਦੇ ਹਨ । ਇਹ ਵਿਸ਼ਵਾਸ ਕਰਨਾ ਔਖਾ ਕਿ



ਤੁਹਾਡਾ ਪਿਆਰਾ ਪਾਲਤੂ ਪੰਛੀ ਤੁਹਾਨੂੰ ਬਿਮਾਰ ਕਰ ਸਕਦਾ ਹੈ । ਕਬੂਤਰ ਨੁਕਸਾਨਦੇਹ ਪੰਛੀ ਨਹੀਂ ਹਨ, ਅੱਜ ਕੱਲ ਕਾਫੀ ਲੋਕ ਕਬੂਤਰਾਂ ਦੇ ਸ਼ੌਕੀਨ ਹਨ ਅਤੇ ਇਹਨਾਂ ਨੂੰ ਪਾਲਣ ਲੱਗ ਗਏ ਹਨ, ਜੋ ਕਿ ਦੌੜਾਂ ਲਗਾਉਣ, ਲੜਾਉਣ ਅਤੇ ਸ਼ੌਕ ਪੂਰਾ ਕਰਨ ਲਈ ਰੱਖੇ ਜਾਂਦੇ ਹਨ, ਜਿਨ੍ਹਾਂ ਦੀ ਕੀਮਤ ਹਜ਼ਾਰਾਂ ਨਹੀਂ ਲੱਖਾਂ ਵਿੱਚ ਹੈ । ਕਈ ਲੋਕ ਕਬੂਤਰ, ਤੋਤੇ ਆਦਿ ਬਾਹਰਲੇ ਮੁਲਕਾਂ ਵਿੱਚੋਂ ਲੈ ਕੇ ਆਉਂਦੇ ਹਨ ਅਤੇ ਉਹਨਾਂ ਨੂੰ ਪੁੱਤਾਂ ਵਾਂਗ ਪਾਲਦੇ ਹਨ । ਇਨਸਾਨ ਨੂੰ ਹੋਣ ਵਾਲੀਆਂ ਕਈਂ ਬਿਮਾਰੀਆਂ ਚਮਤਕਾਰੀ ਤੌਰ ਤੇ ਕਬੂਤਰਾਂ ਵਿੱਚ ਮੌਜੂਦ ਹੁੰਦੀਆਂ ਹਨ, ਜੋ ਕਿ ਪ੍ਰਤੱਖ ਨਹੀਂ ਹੁੰਦੀਆਂ, ਉਨ੍ਹਾਂ ਕੋਲ 30 ਤੋਂ ਜ਼ਿਆਦਾ ਰੋਗਾਂ ਨੂੰ ਇਨਸਾਨਾਂ ਵਿੱਚ ਫੈਲਾਉਣ ਦੀ ਸਮਰੱਥਾ ਹੈ । ਕਬੂਤਰਾਂ ਦੀਆਂ ਵਿੱਠਾਂ ਤੋਂ ਵਾਤਾਵਰਨ ਪ੍ਰਦੂਸ਼ਣ ਹੁੰਦਾ ਹੈ । ਕੁਝ ਲੋਕਾਂ ਲੋਈ, ਕਬੂਤਰ ਮਨੋਰੰਜਨ ਦਾ ਸਾਧਨ ਹਨ, ਜੋ ਕਿ ਰੋਟੀ ਦੇ ਕੁਝ ਫਾਲਤੂ ਟੁਕੜਿਆਂ ਨਾਲ ਖਰੀਦਿਆ ਜਾ ਸਕਦਾ ਹੈ, ਹੋਰਾਂ ਲਈ, ਕਬੂਤਰ, ਖੰਭ ਵਾਲੇ ਚੂਹੇ ਤੋਂ ਵੱਧ ਹੋਰ ਕੁੱਝ ਵੀ ਨਹੀਂ, ਜਿਨ੍ਹਾਂ ਵਿੱਚ ਹਾਨੀਕਾਰਕ ਜਰਾਸੀਮ ਹੁੰਦੇ ਹਨ, ਜੋ ਕਿ ਹਾਨੀਕਾਰਕ ਰੋਗ ਫੈਲਾਉਂਦੇ ਹਨ । ਬਿਮਾਰੀ ਦੀਆਂ ਸਮੱਸਿਆਵਾਂ ਉਦੋਂ ਹੁੰਦੀਆਂ ਹਨ, ਜਦੋਂ ਆਲਣਿਆਂ ਵਿੱਚ ਵਿੱਠਾਂ ਅਤੇ ਖੰਭ ਕਾਫੀ ਇਕੱਠੇ ਹੋ ਜਾਂਦੇ ਹਨ । ਇਨ੍ਹਾਂ ਥਾਂਵਾਂ ਵਿੱਚ ਕੁਝ ਜਾਣੀਆਂ ਪਹਿਚਾਣੀਆਂ ਬਿਮਾਰੀਆਂ ਹੁੰਦੀਆਂ ਹਨ, ਜੋ ਮਨੁੱਖਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ । ਪੰਛੀਆਂ ਤੋਂ ਬਿਮਾਰੀ ਹੋਣ ਦਾ ਖਤਰਾ ਆਮ ਤੌਰ ਤੇ ਉਨ੍ਹਾਂ ਲੋਕਾਂ ਵਿੱਚ ਸਭ ਤੋਂ ਵੱਧ ਹੈ, ਜਿਨ੍ਹਾਂ ਨੂੰ ਪਹਿਲਾਂ ਹੀ ਪੁਰਾਣੀਆਂ ਬਿਮਾਰੀਆਂ ਹੋਣ, ਜਿਵੇਂ ਕਿ ਬਹੁਤ ਹੀ ਛੋਟੇ ਬੱਚੇ, ਬਜ਼ੁਰਗ, ਐਚ ਆਈ ਵੀ ਲਾਗ ਵਾਲੇ ਵਿਅਕਤੀ, ਅੰਗ ਟਰਾਂਸਪਲਾਂਟ ਪ੍ਰਾਪਤਕਰਤਾ ਅਤੇ ਜੋ ਲੋਕ ਕੀਮੋਥੈਰੇਪੀ (ਕੈਂਸਰ ਦਾ ਇਲਾਜ) ਪ੍ਰਾਪਤ ਕਰ ਰਹੇ ਹੋਣ । ਸਾਫ ਸਫਾਈ ਨਾਲ ਬਹੁਤੇ ਰੋਗਾਂ ਨੂੰ ਰੋਕਿਆ ਜਾ ਸਕਦਾ ਹੈ, ਜਿਸ ਥਾਂ ਤੇ ਪੰਛੀ ਅਤੇ ਇਨਸਾਨ ਇਕੱਠੇ ਰਹਿੰਦੇ ਹਨ, ਜੇ ਤੁਸੀ ਪੰਛੀ ਦੇ ਬਾਅਦ ਆਪਣੀ ਸਫਾਈ ਕਰਦੇ ਹੋ ਅਤੇ ਪੰਛੀ ਨੂੰ ਉਸਦੇ ਭਾਂਡੇ ਨੂੰ ਜਾਂ ਖਿਡਾਉਣਿਆਂ ਨੂੰ ਛੂਹਣ ਤੋਂ ਬਾਅਦ, ਹਮੇਸ਼ਾਂ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋਂਦੇ ਹੋ ਤਾਂ ਤੁਸੀਂ ਕਦੇ ਵੀ ਬਿਮਾਰ ਨਹੀਂ ਹੁੰਦੇ ਅਤੇ ਪੰਛੀਆਂ ਤੋਂ ਹੋਣ ਵਾਲੇ ਰੋਗਾਂ ਤੋਂ ਬਚਿਆ ਜਾ ਸਕਦਾ ਹੈ । ਇਹ ਕੁਝ ਬਿਮਾਰੀਆਂ ਪੰਛੀਆਂ ਤੋਂ ਇਨਸਾਨਾਂ ਨੂੰ ਹੁੰਦੀਆਂ ਹਨ ।

1. **ਕਰਿਪਟੋਕੋਕਕੋਸਿਸ** (Crytococcosis) : ਕਰਿਪਟੋਕੋਕਕੋਸਿਸ ਵੀ ਇੱਕ ਉੱਲੀ ਰੋਗ ਹੈ, ਜੋ ਕਿ ਹਮੇਸ਼ਾਂ 84 ਪ੍ਰਤੀਸ਼ਤ ਆਲਣਿਆਂ ਵਿੱਚ ਸੁੱਕੀਆਂ ਵਿੱਠਾਂ ਉੱਪਰ ਉੱਲੀ ਦੇ ਸਪੋਰ (ਬੀਜ) ਹੁੰਦੇ ਹਨ ਜਿਸ ਨੂੰ ਸਾਹ ਦੁਆਰਾ ਅੰਦਰ ਆਉਣ ਤੋਂ ਬਾਅਦ ਲਾਗ (ਬਿਮਾਰੀ) ਲੱਗ ਜਾਂਦੀ ਹੈ ।

**ਬਿਮਾਰੀ ਦੇ ਲੱਛਣ** : ਨਮੂਨੀਆਂ ਵਰਗੇ ਲੱਛਣ, ਸਾਹ ਦੀ ਤਕਲੀਫ, ਖੰਘ, ਬੁਖਾਰ ਅਤੇ ਚਮੜੀ ਦੇ ਜ਼ਖਮ ਆਦਿ । ਹਿਸਟੋਪਲਾਸਮੋਸਿਸ ਦੀ ਤਰ੍ਹਾਂ ਬਹੁਤੀਆਂ ਕਰਿਪਟੋਕੋਕਕੋਸਿਸ ਦੇ ਲਾਗ ਹਲਕੇ ਹੁੰਦੇ ਹਨ ਅਤੇ ਬਹੁਤ ਸਾਰੇ ਲੱਛਣ ਨਜ਼ਰ ਨਹੀਂ ਆਉਂਦੇ ਅਤੇ ਆਮ ਤੌਰ ਤੇ ਸਮਝੌਤੇ ਵਾਲੇ ਇਮਿਊਨ ਸਿਸਟਮ (ਕਮਜ਼ੋਰ ਬਚਾਉ ਵਿਧੀ) ਵਾਲੇ ਲੋਕਾਂ ਨੂੰ ਲਾਗ ਲਗਾਉਂਦੇ ਹਨ ; ਜਿਵੇਂ ਕਿ ਐੱਚ ਆਈ ਵੀ ਪ੍ਰਭਾਵਿਤ ਲੋਕਾਂ ਜਾਂ ਬਹੁਤ ਘੱਟ ਕਮਜ਼ੋਰ ਬਚਾਉ ਵਿਧੀ ਵਾਲੇ ਲੋਕਾਂ ਨੂੰ । ਇਸ ਬਿਮਾਰੀ ਦੇ ਦੋ ਰੂਪ ਹਨ । ਫੈਲੀ ਕਿਸਮ, ਜੋ ਕਿ ਇਸਦੇ ਉੱਲੀ ਜਾਂ ਖਮੀਰ-ਵਰਗੇ ਸੈੱਲ ਦੁਆਰਾ ਫੇਫੜਿਆਂ ਦੀ ਲਾਗ ਕਾਰਣ ਹੁੰਦੀ ਹੈ, ਇਹ ਫਿਰ ਸਰੀਰ ਦੇ ਹੋਰ ਖੇਤਰਾਂ ਨੂੰ ਫੈਲ ਜਾਂਦੀ ਹੈ, ਪਰ ਆਮ ਤੌਰ ਤੇ ਦਿਮਾਗੀ ਹਿੱਸਿਆਂ ਦੀ ਸੋਜ਼ਿਸ਼ ਕਰ ਦੇਂਦੀ ਹੈ । ਇਲਾਜ ਦੇ ਬਗੈਰ ਇਹ ਬਹੁਤ ਘਾਤਕ ਹੈ । ਦੂਜੀ ਕਿਸਮ ਬਹੁਤ ਘੱਟ ਹੁੰਦੀ ਹੈ ਜੋ ਕਿ ਚਮੜੀ ਤੇ ਛਾਲੇ ਜਾਂ ਫੋੜੇ ਕਰਦੀ ਹੈ ਜਿਵੇਂ ਮੂੰਹ ਦੇ ਫਿਣਸੀਆਂ ਹੋਈਆਂ ਹੋਣ ।

2. **ਹਿਸਟੋਪਲਾਸਮੋਸਿਸ** (Histoplasmosis) : ਹਿਸਟੋਪਲਾਸਮੋਸਿਸ ਇੱਕ ਉੱਲੀ ਰੋਗ ਹੈ, ਜੋ ਕਿ ਹਿਸਟੋਪਲਾਜਮਾ ਕੈਪਸੂਲੇਟਮ ਦੇ ਸਪੋਰਜ ਸੁੰਘਣ ਨਾਲ ਹੁੰਦੀ ਹੈ । ਸਪੋਰ ਬਹੁਤ ਹਲਕੇ ਹੁੰਦੇ ਹਨ ਅਤੇ ਹਵਾ ਵਿੱਚ ਆਜ਼ਾਦੀ ਨਾਲ ਚਲੇ ਜਾਂਦੇ ਹਨ, ਹਿਸਟੋਪਲਾਸਮੋਸਿਸ ਉੱਲੀ ਨਮੀਂ ਵਾਲੇ ਖੇਤਰਾਂ ਵਿੱਚ ਫੁਲਦੀ ਫੈਲਦੀ ਹੈ, ਜੋ ਕਿ ਪੰਛੀਆਂ ਦੀਆਂ ਵਿੱਠਾਂ ਵਰਗੇ ਜੈਵਿਕ ਵਿੱਚ ਹੁੰਦੀ ਹੈ, ਇਸੇ ਕਰਕੇ ਖੁੱਡੇ, ਗੁਫਾਵਾਂ ਦੇ ਪੁਰਾਣੇ ਹਿੱਸੇ ਉੱਲੀ ਉੱਗਣ ਲਈ ਬਿਲਕੁਲ ਸਹੀ ਹਨ । ਮਨੁੱਖਾਂ ਵਿੱਚ, ਸਫਾਈ ਕਰਨ ਦੇ ਦੌਰਾਨ ਇਸ ਦੇ ਸਪੋਰਸ ਸਾਹ ਰਾਹੀਂ ਸਰੀਰ ਅੰਦਰ ਚਲੇ ਜਾਂਦੇ ਹਨ ਅਤੇ ਬਿਮਾਰੀ ਪੈਦਾ ਕਰਦੇ ਹਨ । ਮਨੁੱਖ ਜਿਨ੍ਹਾਂ ਦੀ ਬਚਾਅ ਵਿਧੀ ਕਮਜ਼ੋਰ ਹੁੰਦੀ ਹੈ, ਇਹ ਬਿਮਾਰੀ ਹੋਣ ਦਾ ਡਰ ਜ਼ਿਆਦਾ ਰਹਿੰਦਾ ਹੈ ।

**ਮਨੁੱਖਾਂ ਵਿੱਚ ਬਿਮਾਰੀ ਦੇ ਲੱਛਣ** : ਬੁਖਾਰ, ਪੱਠੇ ਦਰਦ, ਖੁਸ਼ਕ ਖੰਘ, ਥਕਾਵਟ, ਸਿਰ ਦਰਦ, ਸਰਦੀ, ਉਬਾਲ ਅਤੇ ਕੁਝ ਲੋਕਾਂ ਵਿੱਚ ਜੋੜਾਂ ਦਾ ਦਰਦ ਆਦਿ । ਇਸ ਦੀਆਂ ਅਲੱਗ ਅਲੱਗ ਕਿਸਮਾਂ ਹਨ, ਇਸ ਦੀ ਹਲਕੀ ਕਿਸਮ ਪੀੜਤ ਲੋਕਾਂ ਵਿੱਚ ਕੋਈ ਲੱਛਣ ਨਹੀਂ ਦਿਖਾਉਂਦੀ, ਗੰਭੀਰ ਬਿਮਾਰੀ ਦੀ ਕਿਸਮ ਉੱਲੀ ਦੇ ਅੰਦਰ ਜਾਣ ਤੋਂ 3 ਤੋਂ 17 ਦਿਨਾਂ ਬਾਅਦ ਲੱਛਣ ਦਿਖਾਉਂਦੀ ਹੈ । ਬਿਮਾਰੀ ਦੇ ਚਿੰਨ੍ਹ ਛਾਤੀ ਵਿੱਚ ਦਰਦ ਨਾਲ ਫਲੂ-ਵਰਗੇ ਲੱਛਣ, ਬੁਖਾਰ ਅਤੇ ਥਕਾਵਟ । ਜਿਨ੍ਹਾਂ ਦੀ ਬਚਾਉ ਵਿਧੀ ਕਮਜ਼ੋਰ ਹੁੰਦੀ ਹੈ ਉਹਨਾਂ ਨੂੰ ਬਹੁਤ ਤੇਜ਼ ਬੁਖਾਰ ਹੋ ਸਕਦਾ ਹੈ, ਖੂਨ ਆਸਾਧਾਰਨ, ਨਮੂਨੀਆਂ ਅਤੇ ਕੁੱਝ ਮੌਕੇ 'ਚ ਇਹ ਘਾਤਕ ਹੋ ਸਕਦਾ ਹੈ ।

3. **ਅਸਪਰਜੀਲੋਸਿਸ** : ਇਹ ਬਿਮਾਰੀ ਅਸਪਰਜੀਲੋਸਿਸ ਦੀਆਂ ਕਈ ਕਿਸਮਾਂ ਦੀ ਉੱਲੀ ਤੋਂ ਹੁੰਦੀ ਹੈ । ਪਰ ਆਮ ਤੌਰ ਕੇ ਅਸਪਰਜੀਲਸ ਫਿਊਮੀਗੇਟਿਸ ਕਿਸਮ ਉੱਲੀ ਤੋਂ ਹੁੰਦੀ ਹੈ, ਇਹ ਉੱਲੀ ਹਰ ਥਾਂ ਤੇ ਪਾਈ ਜਾਂਦੀ ਹੈ ਅਤੇ ਬਹੁਤ ਆਰਾਮ ਨਾਲ ਗਰਮ ਬਰਸਾਤ ਦੇ ਮੌਸਮ, ਜ਼ਰੂਰਤ ਤੋਂ ਜ਼ਿਆਦਾ ਹਵਾ ਵਿੱਚ ਨਵੀਂ ਉੱਗ ਪੈਂਦੀ ਹੈ । ਇਸ ਨਾਲ ਬਿਮਾਰੀ ਨਾਲ ਲੜਣ ਦੀ ਸ਼ਕਤੀ ਘੱਟ ਜਾਂਦੀ ਹੈ ਅਤੇ ਉੱਲੀ ਦੇ ਬਹੁਤ ਜ਼ਿਆਦਾ ਸਪੋਰ ਹਵਾ ਨਾਲ ਜਾਂ ਮਿੱਟੀ ਦੇ ਕਣਾਂ ਨਾਲ ਸਾਹ ਵਿੱਚ ਚਲੇ ਜਾਣ ਤੇ ਹੁੰਦੀ ਹੈ । ਇਸ ਦੇ ਸਪੋਰ ਸਰੀਰ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਉੱਗ ਪੈਂਦੇ ਹਨ । ਇਸ ਬਿਮਾਰੀ ਨਾਲ ਫੇਫੜਿਆਂ, ਸਾਹ ਦੀਆਂ ਥੈਲੀਆਂ ਵਿੱਚ ਹਰੇ ਰੰਗ ਜਾਂ ਪੀਲੇ, ਰੰਗ ਦਾ ਪਦਾਰਥ ਜਮ੍ਹਾਂ ਹੋ ਜਾਂਦਾ ਹੈ ਅਤੇ ਨਿਮੋਨੀਆਂ ਦੀ ਜੋ ਸਕਦਾ ਹੈ ।

**ਬਿਮਾਰੀ ਦੇ ਲੱਛਣ** : ਸਾਹ ਲੈਣ ਵਿੱਚ ਮੁਸ਼ਕਲ, ਭੁੱਖ ਘੱਟ ਲੱਗਦੀ ਹੈ, ਖੁਰਾਕ ਦੀ ਖੱਪਤ ਵਿੱਚ ਕਮੀਂ ਹੋ ਜਾਂਦੀ ਹੈ ਪ੍ਰੰਤੂ ਖੁਰਾਕ ਖਾਣੀ ਨਹੀਂ ਛੱਡਦੇ, ਜਿੰਨ੍ਹਾਂ ਚਿਰ ਮਰਦੇ ਨਹੀਂ ।

4. **ਸਿਟਾਕੋਸਿਸ** (Sittacosis) : ਸਿਟਾਕੋਸਿਸ ਇੱਕ ਛੂਤ ਦਾ ਕਿਟਾਣੂ ਰੋਗ ਹੈ, ਜਿਸ ਨੂੰ ਤੋਤਾ ਬੁਖਾਰ ਜਾਂ ਔਰਨਿਥੋਸਿਸ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ਜੋ ਕਿ ਛੋਟੇ



ਕਿਟਾਂਣੂ ਕਲੇਮੀਡੋਫਿਲ ਸਿਟਾਸਾਈ (Chlamydophilapsittaci) ਨਾਲ ਹੁੰਦੀ ਹੈ । ਇਹ ਰੋਗ ਇਨਸਾਨ ਨੂੰ ਉਦੋਂ ਹੁੰਦਾ ਹੈ ਜਦੋਂ ਵਿੱਠਾਂ ਆਲਣਿਆਂ ਵਿੱਚ ਸੁੱਕ ਜਾਣ ਅਤੇ ਹਵਾ ਵਿੱਚ ਉੱਡਣ ਲੱਗਣ, ਫਿਰ ਸਾਹ ਦੁਆਰਾ ਕਿਟਾਣੂ ਸਰੀਰ ਅੰਦਰ ਚਲੇ ਜਾਂਦੇ ਹਨ ਅਤੇ ਬਿਮਾਰੀ ਪੈਦਾ ਕਰਦੇ ਹਨ ।

**ਬਿਮਾਰੀ ਦੇ ਲੱਛਣ** : ਖੂਨੀ ਥੁੱਕ, ਸੁੱਕੀ ਖੰਘ, ਥਕਾਵਟ, ਬੁਖਾਰ, ਸਰਦੀ ਲੱਗਣਾ, ਸਿਰ ਅਤੇ ਜੋੜ ਦਰਦ, ਪੱਠੇ ਦਰਦ, ਖਾਸ ਕਰਕੇ ਸਿਰ ਅਤੇ ਗਰਦਨ ਦੇ, ਸਾਹ ਲੈਣ ਵਿੱਚ ਦਿੱਕਤ ਆਦਿ । ਇਹ ਬਹੁਤ ਹੀ ਦੁਰਲੱਭ ਹੈ, ਪਰ ਕੁਝ ਮਨੁੱਖਾਂ ਵਿੱਚ ਬਿਮਾਰੀ ਕਾਫੀ ਹੁੰਦੀ ਹੈ ਜਿਸ ਵਿੱਚ ਹਲਕੇ ਫਲੂ ਵਰਗੇ ਲੱਛਣ ਜਾਂ ਨਮੂਨੀਆਂ ਅਤੇ ਮੌਤ ਵੀ ਹੋ ਸਕਦੀ ਹੈ ।

5. **ਟੌਕਸੋਪਲਾਜਮੋਸਿਸ** (Toxoplasmosis) : ਟੌਕਸੋਪਲਾਜਮੋਸਿਸ ਆਮ ਤੌਰ ਤੇ ਬਿੱਲੀ ਦੇ ਪਖਾਨੇ ਨਾਲ ਸੰਬੰਧਿਤ ਹੈ । ਇਹ ਬਿਮਾਰੀ ਤੰਦਰੁਸਤ ਅਤੇ ਤਕੜੇ ਬਚਾਅ ਵਿਧੀ ਨਾਲ ਮਨੁੱਖਾਂ ਨੂੰ ਨਹੀਂ ਹੁੰਦੀ ਅਤੇ ਬਹੁਤ ਘੱਟ ਜਾਂ ਕਮਜ਼ੋਰ ਬਚਾਅ ਵਿੱਧੀ ਵਾਲੇ ਲੋਕਾਂ ਨੂੰ ਖਾਸ ਕਰਕੇ ਗਰਭਵਤੀ ਔਰਤਾਂ ਨੂੰ ਹੁੰਦੀ ਹੈ । ਗਰਭਵਤੀ ਔਰਤਾਂ ਤੋਂ ਬਿਮਾਰੀ ਬੱਚਿਆਂ ਨੂੰ ਫੈਲਦੀ ਹੈ ।

**ਬਿਮਾਰੀ ਦੇ ਲੱਛਣ** : ਬੁਖਾਰ, ਮਾਸਪੇਸ਼ੀਆਂ ਦੇ ਦਰਦ, ਥਕਾਵਟ, ਮਲ੍ਹੱਮ (Lymphnode) ਗ੍ਰੰਥੀਆਂ ਦੀ ਸੋਜ਼ ਅਤੇ ਛਾਤੀ ਵਿੱਚ ਦਰਦ ਆਦਿ ।

1. **ਲੁਕਿਆ ਹੋਇਆ** - ਲੁਕਵੀਂ ਕਿਸਮ ਕਿਸੇ ਵੀ ਲੱਛਣ ਨੂੰ ਨਹੀਂ ਦਿਖਾਉਂਦੀ । ਜਦੋਂ ਲੁਕਵੇਂ ਰੂਪ, ਵਿਅਕਤੀ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਮਾਸਪੇਸ਼ੀਆਂ ਅਤੇ ਦਿਮਾਗ ਵਿੱਚ ਗੱਠਾਂ (cyst) ਬਣ ਜਾਂਦੀਆਂ ਹਨ । ਇਸ ਨਾਲ ਰੈਟਿਨਾ, ਦਿਮਾਗ ਅਤੇ ਫੇਫੜਿਆਂ ਅੰਦਰ ਜ਼ਖਮ ਹੋ ਜਾਂਦੇ ਹਨ ।

2. **ਤੇਜ਼ (acute) :** ਗੰਭੀਰ : ਤੇਜ਼ ਟੌਕਸੋਪਲਾਜਮੋਸਿਸ ਫਲੂ-ਵਰਗੇ ਲੱਛਣ ਦਿਖਾਉਂਦੀ ਹੈ, ਅਕਸਰ ਫਲੂ ਦਾ ਭੁਲੇਖਾ ਪਾਉਂਦੀ ਹੈ । ਜਦੋਂ ਕਮਜ਼ੋਰ ਬਚਾਅ ਵਿਧੀ (ਇਮਿਊਨ ਸਿਸਟਮ) ਵਾਲੇ ਲੋਕ ਪ੍ਰਭਾਵਿਤ ਹੁੰਦੇ ਹਨ ਤਾਂ ਉਨ੍ਹਾਂ ਨੂੰ ਰੈਟਿਨਾ ਦੀ ਸੋਜ਼ ਕਾਰਨ ਗੰਭੀਰ ਸਿਰ ਦਰਦ ਹੁੰਦਾ ਹੈ, ਦੌਰੇ ਪੈਣਾ, ਉਲਝਣ ਅਤੇ ਧੁੰਦਲਾ ਨਜ਼ਰ ਆਉਂਦਾ ਹੈ । ਗੰਭੀਰ ਮਾਮਲਿਆਂ ਵਿੱਚ ਅਕਸਰ ਦਿਮਾ ਦੀ ਸੋਜ਼ਸ਼ ਜਾਂ ਰੈਟਿਨਾ ਅਤੇ ਅੱਖ ਕੇ ਕਾਲੇ ਹਿੱਸੇ ਦੀ ਸੋਜ਼ਸ਼ ਹੁੰਦੀ ਹੈ ।

3. **ਚਮੜੀ** : ਚਮੜੀ ਸਮੱਸਿਆਵਾਂ ਜਿਵੇਂ ਰੋਜ਼ੋਲਾ (ਇਸ ਨੂੰ ਕਈਂ ਨਾਂਵਾਂ ਨਾਲ ਵੀ ਜਾਣਿਆਂ ਜਾਂਦਾ ਹੈ, ਜਿਵੇਂ ਕਿ ਧੱਫੜ, ਛੇਵੀਂ ਬਿਮਾਰੀ ਅਤੇ ਤਿੰਨ ਦਿਨ ਦਾ ਬੁਖਾਰ, ਬੱਚੇ ਦੇ ਮੀਜ਼ਲਜ਼ ਆਦਿ) ਇਹ 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਹੁੰਦੀ ਹੈ । ਦੂਜਾ ਚਮੜੀ ਧੱਫੜ, ਜੋ ਲੋਕ ਬਿਮਾਰੀ ਤੋਂ ਪੀੜਤ ਹੁੰਦੇ ਹਨ, ਜਿਸ ਨੂੰ ਅਕਸਰ ਢੱਠੇ ਦੀ ਅੱਖ ਵਰਗਾ ਧੱਫੜ ਕਹਿੰਦੇ ਹਨ ।

**ਹੋਰ ਘੱਟ ਫੈਲਣ ਵਾਲੇ ਕਬੂਤਰ ਰੋਗ** : 1. **ਕੈਨਡੀਡੀਆਸਿਸ** (Candidiasis) : ਇਹ ਇੱਕ ਉੱਲੀ ਰੋਗ ਹੈ ਅਤੇ ਕਬੂਤਰਾਂ ਦੁਆਰਾ ਫੈਲਦਾ ਹੈ । ਇਹ ਲਾਗ ਵਾਲੇ ਵਿਅਕਤੀ ਦੇ ਚਮੜੀ, ਮੂੰਹ ਅਤੇ ਸਾਹ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ, ਇਸ ਨਾਲ ਆਂਦਰਾਂ ਅਤੇ ਮੂਤਰ ਦੁਆਰ (ਯੂਰੋਜਨੈਟਿਅਲ ਟ੍ਰੈਕਟ) ਵੀ ਪ੍ਰਭਾਵਿਤ ਹੋ ਜਾਂਦੇ ਹਨ, ਔਰਤਾਂ ਵਿੱਚ ਇਸ ਦੇ ਲੱਛਣ ਜਣਨ ਅੰਗਾਂ ਨੂੰ ਲਾਗ ਲੱਗਣ ਕਰਕੇ ਹੁੰਦੇ ਹਨ ਅਤੇ ਇਲਾਜ ਵੀ ਵਧੇਰੇ ਔਖਾ ਹੁੰਦਾ ਹੈ । ਕੈਨਡੀਡੀਆਸਿਸ ਦੇ ਕੁਝ ਲੱਛਣ ਹਨ, ਜਿਵੇਂ ਕਿ ਥਕਾਵਟ, ਮਿੱਠੇ ਦੀ ਜ਼ਰੂਰਤ ਮਹਿਸੂਸ ਹੋਣਾ, ਸਾਹ ਵਿੱਚ ਦੁਰਗੰਧ, ਜੀਭ ਤੇ ਚਿੱਟੀ ਪਰਤ, ਹਾਰਮੋਨ ਅਸੰਤੁਲਨ, ਜੋੜ ਦਰਦ, ਦੀਰਘ ਸਾਈਨਸ ਅਤੇ ਐਲਰਜ਼ੀ, ਪਾਚਨ ਸਮੱਸਿਆ (ਗੈਸ ਅਤੇ ਜਲਣ), ਕਮਜ਼ੋਰ ਬਚਾਅ ਵਿੱਧੀ (ਇਮਿਊਨ ਸਿਸਟਮ) ਅਤੇ ਮੂਤਰ ਦੁਆਰ ਦੀ ਲਾਗ ਆਦਿ ।

2. **ਸੇਂਟ ਲੂਯਿਸ ਇਨਸੈਫਲਾਇਟਸ (St. Louis Encephalitis)** : ਪੰਛੀ, ਸੇਂਟ ਲੂਯਿਸ ਦਿਮਾਗੀ ਵਿਸ਼ਾਣੂ ਚੋਟੀ ਦੇ ਕੈਰੀਅਰ ਹਨ, ਪੰਛੀਆਂ ਨੂੰ ਬਿਮਾਰੀ ਫੈਲਾਉਣ ਦਾ ਇੱਕ ਉੱਚ ਦਰਜਾ ਦਿੱਤਾ ਗਿਆ ਹੈ, ਜੋ ਕਿ ਸ਼ਹਿਰੀ ਜਾਂ ਸ਼ਹਿਰ ਦੇ ਲਾਗੇ ਪੇਂਡੂ ਵਾਤਾਵਰਣ ਵਿੱਚ ਭਰਪੂਰ ਪਾਏ ਜਾਂਦੇ ਹਨ, ਆਮ ਤੌਰ ਤੇ, ਇਹ ਅਜਿਹੇ ਪੰਛੀ ਹਨ, ਜਿਵੇਂ ਕਿ ਕਬੂਤਰ ਅਤੇ ਘਰੇਲੂ ਚਿੜੀ । ਵਿਸ਼ਾਣੂ ਦੇ ਸ਼ੁਰੂਆਤੀ ਸਰੋਤ ਮੱਛਰ ਹਨ, ਜੋ ਕਿ ਪੰਛੀਆਂ ਨੂੰ ਕੱਟਦੇ ਹਨ ਅਤੇ ਫਿਰ ਪੰਛੀ ਹਵਾ ਅਤੇ ਵਿੱਠਾਂ ਦੁਆਰਾ ਰੋਗ ਫੈਲਾਉਂਦੇ ਹਨ । ਇਸ ਵਿਸ਼ਾਣੂ ਦੁਆਰਾ ਰੋਗ ਦਾ ਜ਼ਿਆਦਾਤਰ ਪਤਾ ਨਹੀਂ ਲੱਗਦਾ । ਸ਼ੁਰੂ ਵਿੱਚ ਵਾਇਰਸ ਦੇ ਕੁੱਝ ਲੱਛਣ-ਬੁਖਾਰ, ਸਿਰ ਦਰਦ, ਚੱਕਰ ਆਉਣੇ, ਉਲਟੀਆਂ ਆਦਿ ਇਲਾਜ ਦੇ ਬਾਅਦ ਮੱਧ ਦਿਮਾਗੀ ਲੱਛਣ ਪੈਦਾ ਹੋ ਜਾਂਦੇ ਹਨ ਜਿਵੇਂ ਕਿ ਗਰਦਨ ਦਾ ਆਕੜਣਾ, ਉਲਝਣ, ਚੱਕਰ ਆਉਣੇ, ਝਟਕੇ ਆਦਿ ।

3. **ਸੈਲਮੋਨੈਲਔਸਿਸ (Salmonellosis) :** ਇਹ ਅਕਸਰ ਭੋਜਨ ਦੇ ਜ਼ਹਿਰ ਦਾ ਨਤੀਜਾ ਹੈ । ਸੈਲਮੋਨੈਲਔਸਿਸ ਕਿਟਾਂਣੂ ਬਹੁਤ ਹੀ ਖਤਰਨਾਕ ਹੈ ਅਤੇ ਕਬੂਤਰਾਂ ਦੀਆਂ ਵਿੱਠਾਂ ਤੋਂ ਵਾਤਾਵਰਣ ਪ੍ਰਦੂਸ਼ਣ ਹੁੰਦਾ ਹੈ, ਮਨੁੱਖੀ ਸਰੀਰ ਦੇ ਅੰਦਰ ਬਹੁਤ ਹੀ ਆਸਾਨੀ ਨਾਲ ਜਾਂਦਾ ਹੈ । ਇਹ ਸਾਹ ਦੁਆਰਾ ਵਾਤਾਨਕੂਲ (ਏ. ਸੀ.) ਦੀ ਕੀਟਾਂਣੂਆਂ ਨਾਲ ਗਤੀ ਹਵਾ ਦੇ ਨਾਲ-ਨਾਲ ਸਰੀਰ ਦੇ ਅੰਦਰ ਜਾ ਸਕਦੇ ਹਨ ਜਾਂ ਖਰਾਬ ਭੋਜਨ ਖਾਣ ਨਾਲ ਜਾਂ ਭੋਜਨ ਅੱਛੀ ਤਰ੍ਹਾਂ ਉਬਾਲਿਆ ਨਾ ਹੋਵੇ ।

4. **ਈ ਕੌਲਾਈ (E.coli) :** ਈ ਕੌਲਾਈ ਕਬੂਤਰਾਂ ਦੀਆਂ ਵਿੱਠਾਂ ਰਾਹੀਂ ਮਨੁੱਖਾਂ ਨੂੰ ਫੈਲਦੀ ਹੈ, ਕਬੂਤਰ, ਪਸ਼ੂਆਂ ਦੇ ਗੋਹੇ ਤੋਂ ਇਹ ਬਿਮਾਰੀ ਨਾਲ ਪ੍ਰਭਾਵਿਤ ਹੁੰਦੇ ਹਨ ਅਤੇ ਅੱਗੇ ਮਨੁੱਖਾਂ ਨੂੰ ਫੈਲਾਉਂਦੇ ਹਨ । ਪ੍ਰਭਾਵਿਤ ਕਬੂਤਰ ਫੀਡ ਤੋਂ ਇਨਕਾਰ ਕਰਦੇ ਹਨ, ਜ਼ਿਆਦਾ ਪਾਣੀ ਪੀਂਦੇ ਹਨ ਅਤੇ ਸਾਹ ਵਿੱਚ ਤਕਲੀਫ ਆਦਿ ।

**ਈ ਕੌਲਾਈ ਦੇ ਕੁਝ ਲੱਛਣ :** ਸਰੀਰ ਵਿੱਚ ਪਾਣੀ ਦੀ ਘਾਟ, ਪੇਟ ਦਰਦ, ਥਕਾਵਟ, ਦਸਤ, ਵੱਤ ਆਉਣੇ ਅਤੇ ਉਲਟੀਆਂ ।

# ਬੇਜ਼ਮੀਨੇ ਤੇ ਪਟੇਦਾਰ ਕਿਸਾਨਾਂ ਦੀ ਹਾਲਤ 'ਚ ਸੁਧਾਰ ਲਿਆਂਦਾ ਜਾਏ



ਭਗਵਾਨ ਦਾਸ

ਕਿਸਾਨੀ ਗੰਭੀਰ ਸੰਕਟ 'ਚ ਹੈ। ਕਿਸਾਨਾਂ ਦੀ ਮਾਲੀ ਹਾਲਤ ਬੇਹੱਦ ਖਸਤਾ ਹੈ। ਵੱਡੇ ਕਿਸਾਨਾਂ ਦੀ ਆਰਥਿਕ ਮੰਦਹਾਲੀ ਦੇ ਕਾਰਨ ਤਾਂ ਸਮਾਜਿਕ ਅਤੇ ਵਿਆਹ ਸ਼ਾਦੀਆਂ ਆਦਿ ਤੇ ਆਪਣੀ ਸ਼ਕਤੀ ਤੋਂ ਬਾਹਰ ਜਾ ਕੇ ਖਰਚ ਕਰਨਾ ਅਤੇ ਆਪਣੇ ਹੱਥੀਂ ਖੇਤੀ ਦੇ ਕੰਮ ਕਰਨਾ ਬਿਲਕੁਲ ਹੀ ਛੱਡ ਦੇਣਾ ਅਤੇ ਨੌਜਵਾਨ



ਪੀੜ੍ਹੀ ਦਾ ਖੇਤੀ ਨੂੰ ਛੱਡ ਕੇ ਨਸ਼ਿਆਂ 'ਚ ਪੈ ਕੇ ਹਰ ਰੋਜ਼ ਸ਼ਹਿਰਾਂ ਦੀ ਫੇਰੀਆਂ ਪਾਉਣਾ ਅਤੇ ਵਿਦੇਸ਼ ਜਾਣ ਦੇ ਸੁਫਨੇ ਲੈਂਦੇ ਰਹਿਣਾ ਵਗ਼ੈਰਾ ਹਨ। ਛੋਟੇ ਕਿਸਾਨਾਂ ਲਈ ਤਾਂ ਸਮੁੱਚੇ ਤੌਰ ਤੇ ਹੀ ਖੇਤੀ ਦਾ ਕਿੱਤਾ ਲਾਹੇਵੰਦ ਨਹੀਂ। ਉਹਨਾਂ ਦੇ ਖੇਤ ਛੋਟੇ ਹਨ। ਉਹਨਾਂ ਦੀ ਖੇਤੀ ਮਸ਼ੀਨਰੀ ਜਿਹਨਾਂ ਵਿੱਚ ਟਰੈਕਟਰ ਅਤੇ ਮਹਿੰਗੇ ਸੰਦ ਸ਼ਾਮਿਲ ਹਨ, ਅਤੇ ਹੋਰ ਸਾਧਨਾਂ ਤੇ ਲਾਗਤ ਕੀਤੀ ਹੋਈ ਹੈ। ਫੇਰ ਉਹਨਾਂ ਕੋਲ ਨਵੀਂ ਖੋਜ ਦਾ ਖੇਤੀ ਵਿਗਿਆਨ ਵੀ ਨਹੀਂ ਪਹੁੰਚਿਆ। ਜਿਸ ਕਾਰਨ ਉਹਨਾਂ ਦੀ ਸ਼ੁੱਧ ਆਮਦਨ ਖੇਤੀ ਤੋਂ ਘਟਦੀ ਜਾ ਰਹੀ ਹੈ। ਖੇਤੀ ਸਮੱਗਰੀ ਦੀਆਂ ਕੀਮਤਾਂ ਲਗਾਤਾਰ ਵਧਣ ਅਤੇ ਜਿਣਸਾਂ ਦੀਆਂ ਕੀਮਤਾਂ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੇ ਆਧਾਰ ਤੇ ਨਾ ਮਿਲਣਾ ਵੀ ਉਹਨਾਂ ਦੀ ਕਮਜ਼ੋਰ ਆਰਥਿਕਤਾ ਲਈ ਜ਼ੁੰਮੇਵਾਰ ਹਨ। ਬੇਜ਼ਮੀਨੇ ਖੇਤ ਮਜ਼ਦੂਰਾਂ, ਖੇਤੀ ਖੇਤਰ 'ਚ ਰੋਜ਼ੀ ਕਮਾ ਰਹੇ ਕਾਮਿਆਂ ਅਤੇ ਪੱਟੇਦਾਰਾਂ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ।

ਜਿਹਨਾਂ ਛੋਟੇ ਤੇ ਬੇਜ਼ਮੀਨੇ ਕਿਸਾਨਾਂ ਨੇ ਜ਼ਮੀਨਾਂ ਠੇਕੇ ਤੇ ਲਈਆਂ ਹੋਈਆਂ ਹਨ ਉਹਨਾਂ ਦੀ ਹਾਲਤ ਬਹੁਤ ਹੀ ਗੰਭੀਰ ਹੈ। ਉਹ 50 ਤੋਂ 60 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਠੇਕਾ ਦੇ ਰਹੇ ਹਨ। ਇਸ ਸ਼੍ਰੇਣੀ ਦੇ ਵਾਹੀਕਾਰਾਂ ਸੰਬੰਧੀ ਪਿਛਲੀ ਸ਼ਤਾਬਦੀ ਦੇ 50ਵੇਂ ਤੋਂ ਜਦੋਂ ਮੁਜ਼ਾਰਾ ਪ੍ਰਣਾਲੀ ਸ਼ੁਰੂ ਕੀਤੀ ਗਈ ਸੀ, ਉਸ ਤੋਂ ਬਾਅਦ ਕੋਈ ਵਿਸ਼ੇਸ਼ ਭੂਮੀ ਸੁਧਾਰ ਨਹੀਂ ਹੋਇਆ। ਠੇਕੇ ਤੇ ਜ਼ਮੀਨਾਂ ਲੈਣ ਵਾਲਿਆਂ ਨੂੰ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਮਿਲਦਾ। ਜਿਸ ਦੇ ਆਧਾਰ ਤੇ ਉਹ ਬੈਂਕਾਂ ਵਗੈਰਾ ਤੋਂ ਕਰਜ਼ਾ ਲੈ ਸਕਣ। ਉਹ ਆੜ੍ਹਤੀਆਂ ਅਤੇ ਵੱਡੇ ਸਾਹੂਕਾਰਾਂ, ਜ਼ਿਮੀਦਾਰਾਂ ਦੇ ਰਹਿਮੋ ਕਰਮ ਤੇ ਹਨ। ਜਿਥੋਂ ਇਹਨਾਂ ਨੂੰ ਉੱਚੀਆਂ ਵਿਆਜ ਦਰਾਂ ਤੇ ਖੇਤੀ ਲੋੜਾਂ ਪੂਰੀਆਂ ਕਰਨ ਲਈ ਕਰਜ਼ਾ ਲੈਣਾ ਪੈਂਦਾ ਹੈ। ਉਹ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਵੀ ਨਹੀਂ ਲੈ ਰਹੇ।

ਇਸ ਸ਼੍ਰੇਣੀ ਦੇ ਵਾਹੀਕਾਰ ਆਪਣੀ ਮਸ਼ੀਨਰੀ ਵੀ ਨਹੀਂ ਖਰੀਦ ਸਕਦੇ ਅਤੇ ਕਿਰਾਏ ਤੇ ਮਸ਼ੀਨਰੀ ਲੈਣ ਦੀਆਂ ਸਹੂਲਤਾਂ ਉਹਨਾਂ ਨੂੰ ਉਪਲੱਬਧ ਨਹੀਂ। ਇਸ ਲਈ ਉਹਨਾਂ ਦੀ ਉਤਪਾਦਕਤਾ ਵੀ ਘੱਟ ਹੈ। ਪ੍ਰਧਾਨ ਮੰਤਰੀ ਸਵਰਗੀ ਲਾਲ ਬਹਾਦਾਰ ਸ਼ਾਸਤਰੀ ਨੇ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਦਿੱਤਾ। ਅਟਲ ਬਿਹਾਰੀ ਵਾਜਪਾਈ ਨੇ ਇਸ ਨੂੰ ਬਦਲ ਕੇ 'ਜੈ ਜਵਾਨ, ਜੈ ਕਿਸਾਨ, ਜੈ ਵਿਗਿਆਨ' ਕਰ ਦਿੱਤਾ। ਪ੍ਰੰਤੂ ਪਟੇਦਾਰਾਂ ਤੇ ਬੇਜ਼ਮੀਨੇ ਵਾਹੀਕਾਰਾਂ ਨੂੰ ਕੋਈ ਸਹੂਲੀਅਤ ਮੁਹਈਆ ਨਹੀਂ ਹੋਈ ਅਤੇ ਨਾ ਹੀ ਨਵੀਂਆਂ ਤਕਨੀਕਾਂ ਦਾ ਲਾਭ ਇਹਨਾਂ ਨੂੰ ਉਪਲੱਬਧ ਹੋਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਪਾਣੀ ਦੇ ਤੁਪਕੇ ਨਾਲ ਵਧੇਰੇ ਫ਼ਸਲ (ਮੋਰ ਕਰੋਪ ਪਰ ਡਰਾਪ), 'ਹਰ ਖੇਤ ਕੋ ਪਾਣੀ' ਆਦਿ ਪ੍ਰੋਗਰਾਮ ਬੁਲੰਦ ਕੀਤੇ ਪਰ ਇਸ ਸ਼੍ਰੇਣੀ ਦੇ ਵਾਹੀਕਾਰ ਤਾਂ ਇਸ ਰਾਹਤ ਤੋਂ ਵੀ ਮਹਿਰੂਮ ਰਹੇ।

ਪਿਛਲੀ ਸ਼ਤਾਬਦੀ ਦੌਰਾਨ ਸਬਜ਼ ਇਨਕਲਾਬ ਦੇ ਆਗ਼ਾਜ਼ ਤੋਂ ਤੁਰੰਤ ਬਾਅਦ ਉਸ ਵੇਲੇ ਦੇ ਰਿਜਨ ਦੇ ਮੁੱਖ ਬੈਂਕ ਸਟੇਟ ਬੈਂਕ ਆਫ ਪਟਿਆਲਾ ਨੇ ਇਹਨਾਂ ਸ਼੍ਰੇਣੀਆਂ ਨੂੰ ਬੈਂਕਿੰਗ ਤੇ ਕਰਜ਼ੇ ਦੀਆਂ ਸਹੂਲਤਾਂ ਮੁਹਈਆ ਕਰਨ ਲਈ ਪਟਿਆਲਾ ਨੇੜੇ ਨਨਾਣਸੂ ਪਿੰਡ ਨੂੰ ਅਪਣਾ ਕੇ ਪਿੰਡ ਦੇ ਸਾਰੇ ਵਾਹੀਕਾਰਾਂ ਜਿਹਨਾਂ ਵਿੱਚ ਬੇਜ਼ਮੀਨੇ ਅਤੇ ਠੇਕੇ ਤੇ ਜ਼ਮੀਨ ਲੈਣ ਵਾਲੇ ਵੀ ਸ਼ਾਮਿਲ ਸਨ, ਨੂੰ ਕਰਜ਼ੇ ਦੀਆਂ ਸਹੂਲਤਾਂ (ਦੋਵੇਂ ਘਰੇਲੂ ਤੇ ਖੇਤੀ ਖਰਚਿਆਂ ਲਈ) ਮੁਹਈਆ ਕਰਨ ਸੰਬੰਧੀ ਇੱਕ ਸਕੀਮ ਬਣਾ ਕੇ "ਨਨਾਣਸੂ ਪ੍ਰੋਜੈਕਟ" ਥੱਲੇ ਇਸ ਸ਼੍ਰੇਣੀ ਦੇ ਵਾਹੀਕਾਰਾਂ ਨੂੰ ਸਹੂਲਤਾਂ ਮੁਹਈਆ ਕੀਤੀਆਂ। ਪੰਚਾਇਤ ਦੀ ਸ਼ਾਮਲਾਟ ਜ਼ਮੀਨ ਬੇਜ਼ਮੀਨਿਆਂ ਨੂੰ ਠੇਕੇ ਤੇ ਦਵਾ ਕੇ ਉਨ੍ਹਾਂ ਨੂੰ ਰੁਜ਼ਗ਼ਾਰ ਮੁਹਈਆ ਕੀਤਾ। ਪੰਜਾਬ ਰਾਜ ਬਿਜਲੀ ਬੋਰਡ ਦੇ ਸਹਿਯੋਗ ਨਾਲ ਹਰ ਖੇਤ ਨੂੰ ਸਿੰਜਾਈ ਲਈ ਟਿਊਬਵੈੱਲ ਦਾ ਪਾਣੀ ਮੁਹਈਆ ਕੀਤਾ ਗਿਆ। ਪ੍ਰਾਜੈਕਟ ਥੱਲੇ ਦਵਾਈਆ, ਖਾਦ ਬੀਜ ਅਤੇ ਛਿੜਕਾਅ ਦੀਆਂ ਸਹੂਲਤਾਂ ਮੁਹਈਆ ਕੀਤੀਆਂ ਗਈਆਂ। ਖੇਤ ਮਜ਼ਦੂਰਾਂ, ਪਿੰਡ ਵਿੱਚ ਕੰਮ ਕਰ ਰਹੇ ਕਾਰੀਗ਼ਰਾਂ ਅਤੇ ਪਿੰਡ ਦੇ ਛੋਟੇ ਦੁਕਾਨਦਾਰਾਂ ਨੂੰ 'ਗਰੁਪ ਗਰੰਟੀ' ਦੇ ਆਧਾਰ ਤੇ ਘਰੇਲੂ ਅਤੇ ਵਪਾਰਕ ਲੋੜਾਂ ਪੂਰੀਆਂ ਕਰਨ ਲਈ ਕਰਜ਼ੇ ਦੀਆਂ ਸਹੂਲਤਾਂ ਮੁਹਈਆ ਕੀਤੀਆਂ ਗਈਆਂ। ਦੂਜੇ ਸਾਲ ਹੀ ਉਤਪਾਦਕਤਾ 'ਚ ਨੁਮਾਇਆਂ ਵਾਧਾ ਹੋਇਆ। ਪਿੰਡ ਦੇ ਹਰ ਵਿਅਕਤੀ ਦੀ ਆਮਦਨ ਵਧ ਗਈ। ਬੈਂਕ ਨੂੰ ਇਮਾਨਤਾਂ ਆਈਆਂ। ਪਟਿਆਲਾ ਜ਼ਿਲ੍ਹੇ 'ਚ ਵਹਿਲੀਆਂ ਪਈਆਂ ਸ਼ਾਮਲਾਟ ਜ਼ਮੀਨਾਂ ਜਿਹਨਾਂ ਦੀ ਔਸਤ ਆਮਦਨ ਮਸਾਂ 2 ਪੈਸੇ ਪ੍ਰਤੀ ਏਕੜ ਸੀ, ਪੰਚਾਇਤਾਂ ਲਈ ਸੋਨੇ ਦੀ ਖਾਣ ਬਣ ਗਈਆਂ ਅਤੇ ਇਹ ਆਮਦਨ ਪਿੰਡਾਂ ਦੇ ਵਿਕਾਸ ਲਈ ਖਰਚ ਹੋਣ ਲੱਗ ਪਈ। ਨਨਾਣਸੂ ਪ੍ਰਾਜੈਕਟ ਥੱਲੇ ਲਿੱਤੇ ਗਏ ਪਿੰਡਾਂ ਦੀ ਹਾਲਤ 'ਚ ਸੁਧਾਰ ਆਇਆ। ਸਬਜ਼ ਇਨਕਲਾਬ ਦੇ ਮੋਢੀ ਕੇਂਦਰ ਦੇ ਕੈਬਨੇਟ ਮੰਤਰੀ ਸੁਬਰਾਮੈਨੀਅਮ ਨੇ 'ਨਨਾਣਸੂ ਵੇਅ ਆਫ ਫਾਇਨੈਂਸ' ਦੂਜੇ ਬੈਂਕਾਂ ਨੂੰ ਸਿਫਾਰਸ਼ ਕੀਤਾ। ਇਸ ਪ੍ਰਾਜੈਕਟ ਨਾਲ ਭਾਰਤ ਸਰਕਾਰ ਦੇ ਖੇਤੀਬਾੜੀ ਕਮਿਸ਼ਨਰ ਸਵਰਗੀ ਡਾ. ਅਮਰੀਕ ਸਿੰਘ ਚੀਮਾ ਅਤੇ ਰਾਜ ਦੇ ਖੇਤੀਬਾੜੀ ਡਾਇਰੈਕਟਰ ਡਾ. ਗੁਰਚਰਨ ਸਿੰਘ ਕਾਲਕੇਟ ਮਤਵਾਤਰ ਜੁੜੇ ਰਹੇ ਅਤੇ ਨਨਾਣਸੂ ਪ੍ਰਾਜੈਕਟ ਦੇ ਆਲੇ ਦੁਆਲੇ 11 ਹੋਰ ਪਿੰਡਾਂ ਨੂੰ ਇਸ ਪ੍ਰਾਜੈਕਟ ਦੇ ਫਾਇਦੇ ਪਹੁੰਚਾਏ ਗਏ।

ਜਿਥੇ ਇਹ ਪ੍ਰਾਜੈਕਟ ਨਨਾਣਸੂ ਅਤੇ ਇਸ ਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਇੱਕ ਨਿਆਮਤ ਸੀ ਤਜਾਰਤੀ ਬੈਂਕਾਂ ਦੇ ਖੇਤੀ ਖੇਤਰ 'ਚ ਪ੍ਰਵੇਸ਼ ਕਰਨ ਵੱਜੋਂ ਇੱਕ ਚਾਨਣ ਮੁਨਾਰਾ ਸਾਬਤ ਹੋਇਆ। ਇਸ ਪ੍ਰਾਜੈਕਟ ਦੇ ਘੇਰੇ 'ਚ ਲਿੱਤੇ ਗਏ ਪਿੰਡਾਂ



ਦੇ ਘਰਾਂ ਦੀ ਹਾਲਤ 'ਚ ਸੁਧਾਰ ਆਇਆ ਅਤੇ ਲੋਕਾਂ ਦਾ ਰਹਿਣ ਸਹਿਣ ਚੰਗਾ ਹੋਇਆ। ਸਕੂਲ ਵਿਦਿਆਰਥੀਆਂ ਦੀ ਗਿਣਤੀ 'ਚ ਵਾਧਾ ਹੋਇਆ। ਖੇਤੀ ਪ੍ਰਸਾਰ ਸੇਵਾ ਤੇ ਵਿਕਾਸ ਲਈ ਇਹ ਪ੍ਰਾਜੈਕਟ ਇੱਕ ਮਾਡਲ ਬਣ ਕੇ ਉਭਰਿਆ। ਜਿਸ ਨੂੰ ਖੇਤੀਬਾੜੀ ਬੈਂਕ ਦੇ ਸਾਬਕਾ ਚੇਅਰਮੈਨ ਨਨਾਣਸੂ ਪਿੰਡ ਦੇ ਨੰਬਰਦਾਰ ਜਗਜੀਤ ਸਿੰਘ ਕਹਿੰਦੇ ਹਨ ਕਿ ਜੇ ਕੋਆਪਰੇਟਿਵ ਬੈਂਕ ਵੀ ਨਨਾਣਸੂ ਪ੍ਰਾਜੈਕਟ ਵਰਗੇ ਪ੍ਰਾਜੈਕਟ ਬਣਾ ਕੇ ਪਿੰਡਾਂ 'ਚ ਚਾਲੂ ਕਰਨ ਤਾਂ ਪਿੰਡਾਂ ਦੀ ਨੁਹਾਰ ਬਦਲ ਸਕਦੀ ਹੈ।

ਪ੍ਰੰਤੂ ਸਮਾਂ ਬੀਤਣ ਨਾਲ ਬੈਂਕਾਂ ਦਾ ਇਹ ਮਾਡਲ ਪ੍ਰਾਜੈਕਟ ਬੈਂਕਾਂ 'ਚ ਹੀ ਈਰਖਾ ਤੇ ਸਾੜੇ ਦਾ ਕਾਰਨ ਬਣ ਕੇ ਖਾਤਮੇ ਵੱਲ ਵਧ ਗਿਆ। ਅੱਜ ਲੋੜ ਹੈ ਕਿ ਪਿੰਡਾਂ ਦੇ ਕਲਸਟਰ ਤੇ ਗਰੁਪ ਬਣਾ ਕੇ ਨਨਾਣਸੂ ਜਿਹੇ ਪ੍ਰਾਜੈਕਟ ਸ਼ੁਰੂ ਕੀਤੇ ਜਾਣ ਅਤੇ ਪ੍ਰਾਜੈਕਟ ਵਿੱਚ ਵਰਤਮਾਨ ਅਨੁਸਾਰ ਲੋੜੀਂਦੀ ਸੋਧ ਕਰ ਕੇ ਛੋਟੇ ਤੇ ਬੇਜ਼ਮੀਨੇ ਕਿਸਾਨ ਜੋ ਗ਼ਰੀਬੀ ਦੇ ਬੋਝ ਥੱਲੇ ਦਬੇ ਪਏ ਹਨ, ਉਹਨਾਂ ਦੀ ਹਾਲਤ 'ਚ ਸੁਧਾਰ ਲਿਆਂਦਾ ਜਾਏ। ਇਸ ਲਈ ਯੋਗ ਨੀਤੀ ਅਪਨਾਉਣ ਦੀ ਲੋੜ ਹੈ।

ਇਹਨਾਂ ਸ਼੍ਰੇਣੀਆਂ ਦੀ ਹਾਲਤ 'ਚ ਸੁਧਾਰ ਲਿਆਉਣ ਲਈ ਜ਼ਮੀਨਾਂ ਦੇ ਠੇਕੇ ਦੇ ਨਿਯਮ ਬਣਾਏ ਜਾਣ ਅਤੇ ਵਾਹੀਕਾਰਾਂ ਨੂੰ ਦਸਤਾਵੇਜ਼ ਮੁਹਈਆ ਕੀਤੇ ਜਾਣ। ਇਹਨਾਂ ਦਸਤਾਵੇਜ਼ਾਂ ਨੂੰ ਬੈਂਕ ਆਪਣੀ ਕਰਜ਼ਾ ਪ੍ਰਣਾਲੀ 'ਚ ਅਪਨਾਉਣ ਅਤੇ ਇਹਨਾਂ ਸ਼੍ਰੇਣੀਆਂ ਨੂੰ ਲੋੜੀਂਦਾ ਕਰਜ਼ਾ ਦੇ ਕੇ ਉਹਨਾਂ ਦੀ ਖੇਤੀ 'ਚ ਸੁਧਾਰ ਲਿਆਉਣ। ਇਹਨਾਂ ਸ਼੍ਰੇਣੀਆਂ ਨੂੰ ਖੇਤੀ ਸਮੱਗਰੀ, ਮਸ਼ੀਨਰੀ, ਲਾਹੇਵੰਦ ਮੰਡੀਕਰਨ ਅਤੇ ਭੰਡਾਰ ਦੀਆਂ ਸਹੂਲਤਾਂ ਵੀ ਮੁਹਈਆ ਕਰਨ ਦੀ ਲੋੜ ਹੈ ਅਤੇ ਖੇਤੀਬਾੜੀ ਵਿਭਾਗ ਦੀ ਪ੍ਰਸਾਰ ਸੇਵਾ ਨੂੰ ਇਹਨਾਂ ਸ਼੍ਰੇਣੀਆਂ ਤੱਕ ਗਿਆਨ ਤੇ ਵਿਗਿਆਨ ਅਤੇ ਨਵੇਂ ਬੀਜ ਤੇ ਤਕਨਾਲੋਜੀ ਪਹੁੰਚਾ ਕੇ ਉਹਨਾਂ ਦੀ ਮਾਲੀ ਹਾਲਤ 'ਚ ਸੁਧਾਰ ਲਿਆਉਣ ਦੀ ਲੋੜ ਹੈ। ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਅਤੇ ਆਰਥਿਕ ਸਹਾਇਤਾ ਵੀ ਇਹਨਾਂ ਸ਼੍ਰੇਣੀਆਂ ਨੂੰ ਵਿਸ਼ੇਸ਼ ਕਰਕੇ ਮੁਹਈਆ ਕੀਤੀ ਜਾਏ।

ਇਸ ਸ਼੍ਰੇਣੀ ਦੇ ਕਿਸਾਨਾਂ ਨੂੰ ਮਾਹਿਰਾਂ ਦੀ ਅਗਵਾਈ ਨਾ ਮਿਲਣ ਕਾਰਨ ਉਹ ਦਵਾਈਆਂ ਤੇ ਲੋੜੀਂਦੇ ਛਿੜਕਾਅ ਅਤੇ ਪੁਰਾਣੇ ਬੀਜ ਅਤੇ ਤਕਨੀਕਾਂ ਆਦਿ ਵਰਤ ਕੇ ਹੀ ਖੇਤੀ ਸਮੱਗਰੀ ਤੇ ਬੇਲੋੜੀਂਦਾ ਖਰਚ ਕਰੀ ਜਾ ਰਹੇ ਹਨ। ਉਤਪਾਦਕਤਾ ਵਧਾਉਣ ਲਈ ਜ਼ਰੂਰੀ ਹੈ ਕਿ ਇਸ ਸ਼੍ਰੇਣੀ ਦੇ ਕਿਸਾਨਾਂ ਨੂੰ ਨਵੀਨ ਖੇਤੀ ਲਈ ਸਾਰੀਆਂ ਸਹੂਲਤਾਂ ਖੇਤੀ ਪ੍ਰਸਾਰ ਸੇਵਾ ਰਾਹੀਂ ਉਹਨਾਂ ਦੇ ਖੇਤਾਂ 'ਚ ਹੀ ਮੁਹਈਆ ਹੋਣ ਅਤੇ ਲੈਬ- ਟੂ- ਲੈਂਡ ਪ੍ਰੋਗਰਾਮ ਸਹੀ ਮਾਅਨਿਆਂ 'ਚ ਕਿਸਾਨੀ ਨੂੰ ਸਹਾਈ ਹੋਵੇ।

# ਬਾਗ਼ਬਾਨੀ ਵਿਭਾਗ ਨੇ ਸ਼ਹਿਦ ਉਤਪਾਦਕਾਂ ਲਈ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ

ਬਾਗ਼ਬਾਨੀ ਵਿਭਾਗ ਅਤੇ ਐਨ.ਬੀ.ਐਚ.ਐਮ. ਦੇ ਸਹਿਯੋਗ ਨਾਲ ਪਿੰਡ ਅਗੋਲ, ਨਾਭਾ ਵਿਖੇ ਸ਼ਹਿਦ ਉਤਪਾਦਕਾਂ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਜ਼ਿਲ੍ਹਾ ਪਟਿਆਲਾ ਦੇ ਉੱਘੇ ਸ਼ਹਿਦ ਉਤਪਾਦਕਾਂ ਵੱਲੋਂ ਭਾਗ ਲਿਆ ਗਿਆ।

ਬਾਗ਼ਬਾਨੀ ਵਿਭਾਗ ਦੇ ਉਪ ਡਾਇਰੈਕਟਰ ਬਾਗ਼ਬਾਨੀ ਸੰਦੀਪ ਸਿੰਘ ਗਰੇਵਾਲ ਵੱਲੋਂ ਸ਼ਹਿਦ ਉਤਪਾਦਨ, ਮੰਡੀਕਰਨ ਆਦਿ ਸਬੰਧੀ ਬੀ-ਕੀਪਰ/ਸ਼ਹਿਦ ਉਤਪਾਦਕਾਂ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਸੰਮੇਲਨ ਦੌਰਾਨ ਪ੍ਰੋਫੈਸਰ ਅਤੇ ਹੈੱਡ, ਡਿਪਾਰਟਮੈਂਟ ਆਫ਼ ਫੂਡ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਡਾ. ਵਿਕਾਸ ਨੰਦਾ ਵੱਲੋਂ ਵਿਸ਼ਾ ਮਾਹਿਰ ਵਜੋਂ ਸ਼ਿਰਕਤ ਕੀਤੀ ਗਈ। ਇਸ ਸੰਮੇਲਨ ਦੌਰਾਨ ਜ਼ਿਲ੍ਹਾ ਪਟਿਆਲਾ ਦੇ ਉੱਘੇ ਸ਼ਹਿਦ ਉਤਪਾਦਕਾਂ ਵੱਲੋਂ ਆਪਣੇ ਕਿੱਤੇ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਇਹਨਾਂ ਸ਼ਹਿਦ ਉਤਪਾਦਕਾਂ ਦੀਆਂ ਪ੍ਰਦਰਸ਼ਨੀਆਂ




ਦੇਖਦੇ ਹੋਏ ਬਾਗ਼ਬਾਨੀ ਵਿਭਾਗ ਦੇ ਅਧਿਕਾਰੀ ਅਤੇ ਆਏ ਮਾਹਿਰਾਂ ਵੱਲੋਂ ਕੰਮ ਵਧਾਉਣ ਲਈ ਉਹਨਾਂ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਸੰਮੇਲਨ ਦੌਰਾਨ ਸ਼ਹਿਦ ਉਤਪਾਦਕਾਂ ਦੀਆਂ ਸਮੱਸਿਆਵਾਂ ਦੇ ਜਵਾਬ ਦਿੰਦੇ ਹੋਏ ਨਵੀਂਆਂ ਤਕਨੀਕਾਂ ਨਾਲ ਸ਼ਹਿਦ ਉਤਪਾਦਨ ਵਿੱਚ ਵਾਧਾ ਕਰਨ ਲਈ ਹੁੰਗਾਰਾ ਭਰਿਆ ਗਿਆ।

ਸੰਮੇਲਨ ਵਿੱਚ ਬਾਗ਼ਬਾਨੀ ਵਿਭਾਗ ਪਟਿਆਲਾ ਦੇ ਬਾਗ਼ਬਾਨੀ ਵਿਕਾਸ ਅਫ਼ਸਰ ਹਰਿੰਦਰਪਾਲ ਸਿੰਘ, , ਬਾਗ਼ਬਾਨੀ ਵਿਕਾਸ ਅਫ਼ਸਰ ਗਗਨ ਕੁਮਾਰ, ਬਾਗ਼ਬਾਨੀ ਵਿਕਾਸ ਅਫ਼ਸਰ ਦਿਲਪ੍ਰੀਤ ਸਿੰਘ, ਅਮਰਿੰਦਰ ਸਿੰਘ, ਨਵਨੀਤ ਕੌਰ, ਜਸਪ੍ਰੀਤ ਕੌਰ, ਮਿਸ ਆਸ਼ਾ ਰਾਣੀ, ਮਨਜੀਤ ਸਿੰਘ ਵੀ ਹਾਜ਼ਰ ਸਨ।

कृषि एवं कृषि संबंधित विषयों पर
आधुनिक जानकारी लेने हेतु पढ़ें

# कृषि संसार

हिन्दी साप्ताहिक समाचार पत्र



कृषि एवं कृषि सहायक
धंधों की आधुनिक
जानकारी से भरपूर



## एक वर्ष में 52 अंक

किसान भाईयों व डीलर/डिस्ट्रीब्यूटरों के लिए

## चंदों में विशेष छूट

एक वर्ष 500/- रुपए

दो वर्ष 800/- रुपए

KHETI DUNIYAN
TID - 62763351

चंदे भेजने हेतु QR कोड सकैन करें।

पेमेंट करने के पश्चात् अपना डाक पता इस नंबर पर भेजें :

90410-14575

**कृषि संसार** (कृषि साप्ताहिक)

के.डी. कॉम्पलैक्स, गऊशाला रोड, पटियाला

# ਚੱਪਣ ਕੱਦੂ ਦੀ ਸਫਲ ਕਾਸ਼ਤ ਲਈ ਕੁਝ ਨੁਕਤੇ

**ਚੱਪਣ ਕੱਦੂ ਇਕ ਕਿਊਕਰਬਿਟੇਸੀਅਸ ਫਸਲ ਹੈ ਅਤੇ ਇਸ ਦੇ ਪੌਦੇ ਝਾੜੀ ਕਿਸਮ ਦੇ ਹੁੰਦੇ ਹਨ। ਇਹ ਵਿਟਾਮਿਨ ਏ, ਕੈਲਸ਼ੀਅਮ ਅਤੇ ਫਾਸਫੋਰਸ ਦਾ ਭਰਪੂਰ ਸਰੋਤ ਹੈ। ਇਸ ਵਿਚ ਐਂਟੀਮਾਈਕ੍ਰੋਬੀਅਲ, ਐਂਟੀਸੈਪਟਿਕ ਅਤੇ ਐਂਟੀਫੰਗਲ ਗੁਣ ਹੁੰਦੇ ਹਨ। ਕਾਸ਼ਤ ਦੇ ਗਲਤ ਢੰਗ, ਸਹੀ ਕਿਸਮਾਂ ਦੀ ਘਾਟ ਅਤੇ ਕੀੜਿਆਂ ਅਤੇ ਰੋਗਾਂ ਦਾ ਹਮਲਾ ਇਸ ਦੀ ਘੱਟ ਪੈਦਾਵਾਰ ਲਈ ਜ਼ਿੰਮੇਵਾਰ ਹਨ। ਚੱਪਣ ਕੱਦੂ ਦਾ ਵੱਧ ਤੋਂ ਵੱਧ ਝਾੜ ਲੈਣ ਲਈ ਸਿਫਾਰਿਸ਼ ਕੀਤੀਆਂ ਵਿਧੀਆਂ ਅਪਨਾਉਣ ਦੀ ਜ਼ਰੂਰਤ ਹੈ। ਚੱਪਣ ਕੱਦੂ ਗਰਮੀਆਂ ਦੀ ਫਸਲ ਹੈ, ਜੋ 18-30 ਡਿਗਰੀ ਸੈਂਟੀਗਰੇਡ ਵਿਚ ਚੰਗੀ ਤਰ੍ਹਾਂ ਵਧਦੀ ਹੈ। ਇਹ ਸਾਰੀ ਕਿਸਮ ਦੀਆਂ ਜ਼ਮੀਨਾਂ 'ਚ ਪੈਦਾ ਕੀਤਾ ਜਾ ਸਕਦਾ ਹੈ, ਪਰ ਰੇਤਲੀਆਂ ਦੋਮਟ ਮਿੱਟੀ ਜਿਸ ਦੀ ਪੀ.ਐੱਚ, 6.5-7.5 ਦੇ ਵਿਚਕਾਰ ਹੋਵੇ, ਇਸ ਦੀ ਕਾਸ਼ਤ ਲਈ ਬਹੁਤ ਚੰਗੀ ਰਹਿੰਦੀ ਹੈ।**



**ਕਿਸਮ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਚੱਪਣ ਕੱਦੂ ਦੀ ਪੰਜਾਬ ਚੱਪਣ ਕੱਦੂ-1 ਕਿਸਮ ਦੀ ਸਿਫਾਰਿਸ਼ ਕੀਤੀ ਹੈ। ਇਹ ਕਿਸਮ ਅਗੇਤੀ ਹੈ ਅਤੇ60 ਦਿਨਾਂ ਵਿਚ ਫਲ ਤੋੜਨ ਯੋਗ ਹੋ ਜਾਂਦੀ ਹੈ। ਇਸ ਦੇ ਬੂਟੇ ਝਾੜੀਦਾਰ ਹੁੰਦੇ ਹਨ। ਇਸ ਫਲ ਹਰੇ, ਚੱਪਣੀ ਵਰਗੇ, ਫਿੱਕੀਆਂ ਧਾਰੀਆਂ ਵਾਲੇ, ਡੰਡੀ ਵਾਲੀ ਥਾਂ ਤੋਂ ਚਪਟੇ ਹੁੰਦੇ ਹਨ। ਇਸ ਵਿਚ ਕਾਫੀ ਹੱਦ ਤੱਕ ਵਿਸ਼ਾਣੂ ਰੋਗ, ਚਿੱਟਾ ਰੋਗ ਅਤੇ ਲਾਲ ਭੂੰਡੀ ਦੇ ਹਮਲੇ ਨੂੰ ਸਹਿਣ ਦੀ ਵੀ ਸ਼ਕਤੀ ਹੈ। ਇਸ ਵਿਚ ਮਾਦਾ ਫੁੱਲ ਵੀ ਜ਼ਿਆਦਾ ਹੁੰਦੇ ਹਨ। ਇਸ ਦਾ ਔਸਤਨ ਝਾੜ 95 ਕੁਇੰਟਲ ਪ੍ਰਤੀ ਏਕੜ ਹੈ।

**ਕਾਸ਼ਤ ਦੇ ਢੰਗ** : ਚੱਪਣ ਕੱਦੂ ਜਨਵਰੀ-ਮਾਰਚ ਵਿਚ ਬੀਜਿਆ ਜਾ ਸਕਦਾ ਹੈ। ਬਿਜਾਈ ਖਾਲ ਦੇ ਦੋਵਾਂ ਪਾਸੇ ਤਿਆਰ ਵੱਟਾਂ 'ਤੇ ਕਰੋ। ਕਤਾਰ ਤੋਂ ਕਤਾਰ ਦੀ ਦੂਰੀ 1.25 ਮੀਟਰ ਅਤੇ ਪੌਦੇ 'ਤੇ ਪੌਦੇ ਦੀ ਦੂਰੀ ਨੂੰ 45 ਸੈਂਟੀਮੀਟਰ ਵਿਚ ਰੱਖੋ। ਪ੍ਰਤੀ ਸਥਾਨ ਦੋ ਬੀਜ ਬੀਜੋ ਅਤੇ 2.0 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਜੇ ਪਾਣੀ ਦੀ ਘਾਟ ਹੋਵੇ ਤਾਂ ਬਿਜਾਈ ਥੋੜ੍ਹੀ-ਥੋੜ੍ਹੀ ਦੂਰ ਟੋਏ ਬਣਾ ਕੇ ਵੀ ਕੀਤੀ ਜਾ ਸਕਦੀ ਹੈ। ਬੀਜ ਦੇ ਜੰਮਣ ਨੂੰ ਯਕੀਨੀ ਬਣਾਉਣ ਲਈ ਇਸ ਦੀ ਨਰਸਰੀ ਨੂੰ ਟਰੇਆਂ ਵਿਚ ਵੀ ਉਗਾਇਆ ਜਾ ਸਕਦਾ ਹੈ। ਬੀਜ ਦੀ ਬਿਜਾਈ ਤੋਂ 30-45 ਦਿਨਾਂ ਬਾਅਦ ਚੱਪਣ ਕੱਦੂ ਦਾ ਫੁੱਲ ਆਉਣਾ ਸ਼ੁਰੂ ਹੋ ਜਾਂਦਾ ਹੈ, ਨਰ ਫੁੱਲ ਪਹਿਲਾਂ ਦਿਖਾਈ ਦਿੰਦਾ ਹੈ। ਜਿਵੇਂ ਚੱਪਣ ਕੱਦੂ ਇਕ ਪਰਪਰਾਗਿਤ ਹੈ ; ਖਾਸ ਕਰਕੇ ਮੱਖੀਆਂ ਫੁੱਲਾਂ ਨੂੰ ਪਰਾਗਿਤ ਕਰਨਗੀਆਂ।

ਪੌਦਿਆਂ ਦੇ ਨੇੜੇ ਜਾਂ ਟੋਇਆਂ ਵਿਚ 15 ਟਨ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਦੀ ਖਾਦ ਪ੍ਰਤੀ ਏਕੜ ਵਰਤੋ। ਇਸ ਤੋਂ ਇਲਾਵਾ 40 ਕਿਲੋ ਨਾਈਟ੍ਰੋਜਨ (90 ਕਿਲੋਗ੍ਰਾਮ ਯੂਰੀਆ), 20 ਕਿੱਲੋਗ੍ਰਾਮ ਫਾਸਫੋਰਸ (125 ਕਿੱਲੋਗ੍ਰਾਮ ਐਸ. ਐਸ. ਪੀ.) ਅਤੇ 15 ਕਿਲੋ ਪੋਟਾਸ਼ (25 ਕਿੱਲੋ ਐਮ. ਓ. ਪੀ.) ਦੀ ਵਰਤੋਂ ਕਰੋ। ਸਾਰੀ ਰੂੜੀ ਦੀ ਖਾਦ, ਅੱਧੀ ਨਾਈਟਰੋਜਨ ਅਤੇ ਸਾਰੀ ਫਾਸਫੋਰਸ ਅਤੇ ਪੋਟਾਸ਼ ਵੱਟਾਂ ਬਣਾਉਣ ਤੋਂ ਪਹਿਲਾਂ ਪਾਓ। ਬਾਕੀ ਦੀ ਅੱਧੀ ਨਾਈਟ੍ਰੋਜਨ ਫੁੱਲ ਆਉਣ ਸਮੇਂ ਪਾਓ।

ਚੰਗੀ ਬਿਜਾਈ ਨੂੰ ਯਕੀਨੀ ਬਣਾਉਣ ਲਈ ਬਿਜਾਈ ਤੋਂ ਬਾਅਦ ਇਕ ਹਲਕੀ ਸਿੰਚਾਈ ਕਰੋ ਅਤੇ ਮਿੱਟੀ ਅਤੇ ਬਾਰਿਸ਼ ਦੀਆਂ ਹਲਾਤਾਂ ਦੇ ਆਧਾਰ 'ਤੇ 6-7 ਦਿਨਾਂ ਦੇ ਵਕਫੇ 'ਤੇ ਸਿੰਚਾਈ ਕਰੋ।

ਫਸਲ ਦੀ ਗੋਡੀ ਬੀਜਣ ਦੇ ਪਹਿਲੇ 30-45 ਦਿਨਾਂ ਦੇ ਅੰਦਰ-ਅੰਦਰ ਕੀਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਗੋਡੀ ਕਰਨੀ ਸੌਖੀ ਰਹੇਗੀ ਅਤੇ ਫਸਲ ਨੂੰ ਬਿਮਾਰੀ ਵੀ ਘੱਟ ਲੱਗੇਗੀ। ਬਿਜਾਈ ਤੋਂ ਕਰੀਬ 60-80 ਦਿਨਾਂ ਬਾਅਦ ਫਸਲ ਪੱਕ ਜਾਂਦੀ ਹੈ ਤੇ ਉਸ ਸਮੇਂ ਫਲਾਂ ਦੀ ਤੁੜਾਈ ਕਰ ਸਕਦੇ ਹਾਂ।

**ਪੌਦ ਸੁਰੱਖਿਆ** : ਲਾਲ ਭੂੰਡੀ ਦੀ ਰੋਕਥਾਮ ਲਈ ਨਵੇਂ ਜੰਮੇ ਬੂਟਿਆਂ ਦੇ ਪੱਤਿਆਂ ਉੱਪਰ ਗੋਹੇ ਦੀ ਸਵਾਹ ਦਾ 3-4 ਵਾਰ ਹਫਤੇ ਦੇ ਵਕਫੇ 'ਤੇ ਧੂੜਾ ਦਿਓ। ਤੇਲੇ ਅਤੇ ਫਲਾਂ ਦੀਆਂ ਮੱਖੀਆਂ ਦੀ ਰੋਕਥਾਮ ਮੈਲਾਥੀਆਨ 2 ਮਿਲੀਲੀਟਰ ਪ੍ਰਤੀ ਲੀਟਰ ਪਾਣੀ ਦੇ ਸਪਰੇਅ ਨਾਲ ਕੰਟਰੋਲ ਕੀਤੀਆਂ ਜਾ ਸਕਦੀਆਂ ਹਨ।

ਵਾਇਰਸ ਤੋਂ ਫਸਲਾਂ ਤੋਂ ਨੁਕਸਾਨ ਤੋਂ ਬਚਣ ਲਈ, ਵਾਇਰਸ ਰਹਿਤ ਬੀਜ ਦਾ ਉਪਯੋਗ ਕਰੋ। ਵਾਇਰਸ ਤੋਂ ਪ੍ਰਭਾਵਿਤ ਪੌਦੇ ਪੁੱਟ ਕੇ ਨਸ਼ਟ ਕਰ ਦਿਓ ਅਤੇ ਤੇਲੇ ਦੀ ਰੋਕਥਾਮ ਕਰੋ। ਸਵੇਰ ਵੇਲੇ ਫਸਲ 'ਤੇ ਦਵਾਈਆਂ ਦੇ ਛਿੜਕਾਅ ਕਰਨ ਤੋਂ ਪਰਹੇਜ਼ ਕਰੋ, ਕਿਉਂਕਿ ਉਸ ਸਮੇਂ ਫੁੱਲਾਂ 'ਤੇ ਮਧੂ-ਮੱਖੀਆਂ ਆਉਂਦੀਆਂ ਹਨ ਜੋ ਫਸਲ ਦਾ ਪਰ-ਪਰਾਗਣ ਕਰ ਕੇ ਝਾੜ ਵਿਚ ਵਾਧਾ ਕਰਦੀਆਂ ਹਨ।

ਚੱਪਣ ਕੱਦੂ ਦੀ ਵਰਤੋਂ ਮੁੱਖ ਤੌਰ 'ਤੇ ਸਬਜ਼ੀਆਂ ਵਜੋਂ ਕੀਤੀ ਜਾਂਦੀ ਹੈ, ਪਿਛਲੇ ਕੁਝ ਸਾਲਾਂ ਦੌਰਾਨ ਕਿਸਾਨ 40,000 ਰੁਪਏ ਤੋਂ ਲੈ ਕੇ 60,000 ਰੁਪਏ ਪ੍ਰਤੀ ਏਕੜ ਆਮਦਨ ਪ੍ਰਾਪਤ ਕਰਨ ਦੇ ਯੋਗ ਹੋ ਗਏ ਹਨ। ਇਸ ਲਈ, ਇਸ ਫਸਲ ਮੌਜੂਦਾ ਫਸਲੀ ਪ੍ਰਣਾਲੀਆਂ ਦੀ ਵਿਭਿੰਨਤਾ ਵਿਚ ਅਪਨਾਉਣ ਲਈ ਫਾਇਦੇ ਦੀ ਪੇਸ਼ਕਸ਼ ਕਰਦੀ ਹੈ।

# ਤਿੰਨ ਖੇਤੀ ਕਾਨੂੰਨ ਬਨਾਮ ਖੇਤੀ ਮੰਡੀਕਰਨ ਨੀਤੀ ਢਾਂਚਾ

ਡਾ. ਰਣਯੋਧ ਸਿੰਘ ਬੈਂਸ
ਸੰਪਰਕ : 99883-12299

ਖੇਤੀ ਭਾਵੇਂ ਰਾਜਾਂ ਦਾ ਵਿਸ਼ਾ ਹੈ, ਫਿਰ ਵੀ ਕੇਂਦਰ ਸਰਕਾਰ ਇਸ ਖੇਤਰ ਵਿਚ ਸਿੱਧੇ ਜਾਂ ਅਸਿੱਧੇ ਢੰਗ ਰਾਹੀਂ ਦਖਲ ਦੇ ਰਹੀ ਹੈ। ਕੌਮੀ ਖੇਤੀ ਮੰਡੀਕਰਨ ਨੀਤੀ ਢਾਂਚਾ ਇਸੇ ਲੜੀ ਦੇ ਅਗਲੇ ਕਦਮ ਵਜੋਂ ਦੇਖਿਆ ਜਾ ਰਿਹਾ। ਇਸ ਢਾਂਚੇ ਨੂੰ ਸਮਝਣ ਲਈ 5 ਜੂਨ 2020 ਨੂੰ ਲਿਆਂਦੇ 3 ਆਰਡੀਨੈਂਸਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ ਜੋ ਬਾਅਦ 'ਚ ਕਾਨੂੰਨ ਬਣਾ ਦਿੱਤੇ ਗਏ। ਪਹਿਲਾ ਕਾਨੂੰਨ 'ਕਿਸਾਨੀ ਉਪਰ ਵਪਾਰ ਤੇ ਵਣਜ (ਪ੍ਰੋਤਸਾਹਨ ਤੇ ਸਹੂਲਤ) ਐਕਟ-2020' ਸੀ ਜਿਸ ਵਿਚ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹੀ ਖੇਤੀ ਮੰਡੀ ਦੀ ਆਜ਼ਾਦੀ, ਮੰਡੀ ਫੀਸ ਤੇ ਇਸ ਨਾਲ ਜੁੜੇ ਹੋਏ ਹੋਰ ਟੈਕਸਾਂ ਦੇ ਖਾਤਮੇ ਅਤੇ ਅਦਾਲਤ ਵਿਚ ਅਜਿਹੇ ਕੇਸਾਂ ਦੀ ਸੁਣਵਾਈ ਨਾ ਕਰਨ ਦੀ ਵਿਵਸਥਾ ਕੀਤੀ ਗਈ ਸੀ। ਇਸ ਦੇ ਮਾੜੇ ਪ੍ਰਭਾਵਾਂ ਨਾਲ ਹੌਲੀ-ਹੌਲੀ ਸਰਕਾਰੀ ਖੇਤਰ ਹੇਠ ਵਿਕਸਤ ਬਿਹਤਰੀਨ ਮੰਡੀ ਢਾਂਚੇ ਦੀ ਬਰਬਾਦੀ, ਛੋਟੇ ਕਿਸਾਨਾਂ ਦੀ ਉਪਜ ਮੰਡੀ ਵਿਚ ਰੁਲਣੀ, ਪੇਂਡੂ ਵਿਕਾਸ ਉੱਤੇ ਖਰਚ ਹੋਣ ਵਾਲੇ ਮਾਲੀਏ ਦੀ ਇਕੱਤਰਤਾ, ਮੰਡੀਕਰਨ ਨਾਲ ਜੁੜੇ ਰੁਜ਼ਗਾਰ ਅਤੇ ਆੜ੍ਹਤੀਆ ਵਰਗ ਦਾ ਭੋਗ ਪੈਣਾ ਤੈਅ ਹੀ ਸੀ। ਇਹ ਕਾਨੂੰਨ ਲਾਗੂ ਹੋਣ ਨਾਲ ਰਾਜਾਂ ਦੀ ਕੇਂਦਰ ਉੱਤੇ ਹੋਰ ਨਿਰਭਰਤਾ ਵਧ ਜਾਣੀ ਸੀ।

ਖੇਤੀ ਮੰਡੀਕਰਨ ਨੀਤੀ ਦੇ ਨਵੇਂ ਖਰੜੇ ਅਨੁਸਾਰ, ਭਾਰਤ ਸਰਕਾਰ ਦੀ 10 ਸਾਲ ਦੀ ਕਾਰਗੁਜ਼ਾਰੀ ਨਾਲ ਨਿਰੋਲ ਖੇਤੀ ਖੇਤਰ ਦੀ ਕਾਰਗੁਜ਼ਾਰੀ 2.34% ਵਧੀ ਹੈ। ਖਰੜੇ ਵਿਚ ਪੰਜਾਬ ਵਿਚ ਕੁੱਲ 437 ਮੰਡੀਆਂ (152 ਮੁੱਖ ਤੇ 285 ਉਪ) ਅਤੇ ਪੁਡਚੇਰੀ ਵਿਚ 70 ਵਰਗ ਤੇ ਉਤਰਾਖੰਡ ਵਿਚ 863 ਵਰਕ ਕਿਲੋਮੀਟਰ ਦੂਰੀ 'ਤੇ ਏ ਪੀ ਐੱਮ ਸੀ ਹੋਣ ਬਾਰੇ ਦੱਸਿਆ ਹੈ। ਅੰਕੜਿਆਂ ਅਨੁਸਾਰ, ਪਹਾੜਾਂ ਵਿਚ ਇਕ ਤੋਂ ਦੂਜੀ ਮੰਡੀ ਦੀ ਦੂਰੀ ਲਗਭਗ 6 ਕਿਲੋਮੀਟਰ। ਖਰੜੇ ਵਿਚ ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਕਰਨਾਟਕ ਅਤੇ ਉੱਤਰ ਪ੍ਰਦੇਸ਼ਾਂ ਵਿਚ 125 ਪ੍ਰਾਈਵੇਟ ਮੰਡੀਆਂ ਦਾ ਜ਼ਿਕਰ ਹੈ ਪਰ ਨਾਲ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਇਨ੍ਹਾਂ ਮੰਡੀਆਂ ਦੇ ਚੰਗੇ-ਮਾੜੇ ਪ੍ਰਭਾਵਾਂ ਬਾਰੇ ਕੋਈ ਵੀ ਵਿਸ਼ਲੇਸ਼ਣ ਨਹੀਂ ਹੈ। ਉਂਝ, ਅਜਿਹੇ ਵਿਸ਼ਲੇਸ਼ਨ ਦੀ ਅਣਹੋਂਦ ਵਿਚ ਵੀ ਇਨ੍ਹਾਂ ਨੂੰ ਹੋਰ ਤੇਜ਼ੀ ਨਾਲ ਬਾਕੀ ਰਾਜਾਂ ਵਿਚ ਕਿਸ ਆਧਾਰ 'ਤੇ ਬਣਾਇਆ ਜਾ ਰਿਹਾ ਹੈ ?

ਫੂਡ ਪ੍ਰਾਸੈਸਿੰਗ ਖੇਤਰ ਦੇ 2023-24 ਦੇ ਆਰਥਿਕ ਸਰਵੇ ਅਨੁਸਾਰ, ਇਹ ਰੁਜ਼ਗਾਰ 12.02% ਮੌਕੇ ਮੁਹੱਈਆ ਕਰਵਾ ਰਿਹਾ ਹੈ ਜਿਸ ਵਿਚ ਕੁਲ ਖੇਤੀ ਬਰਾਮਦ ਦਾ ਇਕੱਲਾ ਫੂਡ ਪ੍ਰਾਸੈਸਿੰਗ ਸੈਕਟਰ 11.7 ਫੀਸਦੀ ਹਿੱਸਾ ਪਾਉਂਦਾ ਹੈ। ਇਸ ਨੂੰ ਵੀ 3-ਪੀ ਮਾਡਲ ਤਹਿਤ ਵਿਕਸਤ ਕਰਨ ਬਾਰੇ ਆਖਿਆ ਗਿਆ ਹੈ। ਜਾਪਦਾ ਹੈ, ਪ੍ਰਾਈਵੇਟ ਮੰਡੀਆਂ ਨੂੰ ਸਰਕਾਰੀ ਤੰਤਰ ਹੇਠ ਚੱਲ ਰਹੀਆਂ ਮੰਡੀਆਂ ਮੁਕਾਬਲੇ ਖੜ੍ਹਾ ਕਰਨਾ ਹੈ। ਖਰੜੇ ਵਿਚ ਕਿਹਾ ਗਿਆ ਹੈ ਕਿ ਏ ਪੀ ਐੱਮ ਸੀ ਮੰਡੀਆਂ ਜ਼ਿਆਦਾਤਰ ਮੰਡੀ ਫੀਸ ਅਤੇ ਹੋਰ ਫੀਸਾਂ ਇਕੱਤਰ ਕਰਨ ਵਿਚ ਹੀ ਮਸਰੂਫ ਹਨ। ਮੁੱਦਾ ਹੈ-ਜੇ ਏ ਪੀ ਐੱਮ ਸੀ ਮੰਡੀਆਂ ਸਰਕਾਰੀ ਖੇਤਰ ਵਿਚ ਬਿਹਤਰ ਕਾਰਗੁਜ਼ਾਰੀ ਕਰ ਰਹੀਆਂ ਹਨ ਤਾਂ ਨਵੀਆਂ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਨੂੰ ਨਵਿਆਉਣ ਦੀ ਜ਼ਰੂਰਤ ਹੈ। ਨਾਲਹੀ ਸਵਾਲ ਹੈ ਕਿ ਇਨ੍ਹਾਂ ਨੂੰ ਹੋਰ ਵਿਕਸਤ ਕਿਉਂ ਨਹੀਂ ਕਰਨਾ ਚਾਹੀਦਾ ?

ਅਸਲ ਵਿਚ, ਸਰਕਾਰ ਇਸ ਖਰੜਾ ਨੀਤੀ ਰਾਹੀਂ ਮੰਡੀਕਰਨ ਵਿੱਚੋਂ ਵੀ ਆਪਣਾ ਦਖਲ ਘਟਾ ਕੇ ਪ੍ਰਾਈਵੇਟ ਹੱਥਾਂ ਵਿਚ ਦੇਣ ਦੀ ਚਾਹਵਾਨ ਹੈ। ਇਸ ਵਿਚ ਕਿਤੇ ਵੀ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਭਾਅ 'ਤੇ ਫਸਲ ਖਰੀਦਣ 'ਤੇ ਪਾਬੰਦੀ ਦੀ ਗੱਲ ਨਹੀਂ। ਇਉਂ ਸਰਕਾਰ ਦਾ ਹੌਲੀ-ਹੌਲੀ ਘੱਟੋ-ਘੱਟ ਸਮਰਥਨ ਮੁੱਲ ਤੋਂ ਪਿੱਛੇ ਹਟਣ ਦਾ ਖਦਸ਼ਾ ਹੈ।

ਖਰੜੇ ਦੇ 12 ਨੁਕਾਤੀ ਪ੍ਰੋਗਰਾਮ ਤਹਿਤ ਸਭ ਤੋਂ ਪਹਿਲਾ ਸੁਧਾਰ ਪ੍ਰਾਈਵੇਟ ਹੋਲਸੇਲ ਮੰਡੀਆਂ ਦੀ ਸਥਾਪਨਾ ਨੂੰ ਖੁੱਲ੍ਹ ਦੇਣਾ ਹੈ। ਇਥੇ ਪ੍ਰਾਈਵੇਟ ਮੰਡੀਆਂ ਵਿਚ ਕਿਸਾਨ ਦੀ ਆਮਦਨੀ ਵਧਣ ਦਾ ਹਵਾਲਾ ਵੀ ਦਿੱਤਾ ਗਿਆ ਹੈ ਪਰ ਹਕੀਕਤ ਕੁਝ ਹੋਰ ਹੈ। ਪ੍ਰਾਈਵੇਟ ਅਦਾਰੇ ਉਦੋਂ ਤੱਕ ਠੀਕ ਕੰਮ ਕਰਦੇ ਹਨ ਜਿੰਨਾ ਚਿਰ ਇਨ੍ਹਾਂ ਨੂੰ ਮਜ਼ਬੂਤ ਸਰਕਾਰੀ ਖੇਤਰ ਟੱਕਰ ਦਿੰਦਾ ਹੈ। ਮੰਡੀ ਖਰੜੇ ਤਹਿਤ ਪ੍ਰਾਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਕਿਸਾਨ ਦੇ ਖੇਤ ਵਿੱਚੋਂ ਹੀ ਖਰੀਦ ਦੀ ਮਨਜ਼ੂਰੀ ਦੇਣ ਬਾਰੇ ਸੁਝਾਅ ਹੈ। ਕੁਝ ਰਾਜਾਂ ਵਿਚ ਇਹ ਭਾਵੇਂ ਹੋ ਵੀ ਰਿਹਾ ਹੈ, ਇਸ ਨੂੰ ਹੋਰ ਹੁਲਾਰਾ ਦੇਣ ਬਾਰੇ ਵੀ ਕਿਹਾ ਗਿਆ ਹੈ। ਕਿਹਾ ਗਿਆ ਹੈ ਕਿ ਵੇਅਰ ਹਾਊਸ, ਸਾਈਲੋਜ਼, ਕੋਲਡ ਸਟੋਰਾਂ ਨੂੰ ਮਾਰਕੀਟ ਯਾਰਡ ਐਲਾਨਿਆ ਜਾਵੇ, ਈ-ਟਰੇਡਿੰਗ ਪਲੇਟਫਾਰਮ ਵਿਕਸਿਤ ਤੇ ਲਾਗੂ ਕਰਨ ਦੀ ਇਜਾਜ਼ਤ ਦਿੱਤੀ ਜਾਵੇ, ਇਸ ਤੋਂ ਇਲਾਵਾ ਰਾਜ ਵਿਚ ਸਿਰਫ ਇਕ ਵਾਰੀ ਹੀ ਮੰਡੀ ਫੀਸ ਲਈ ਜਾਇਆ ਕਰੇ। ਇਸੇ ਤਰ੍ਹਾਂ ਟਰੇਡਿੰਗ ਲਈ ਸਿਰਫ ਇਕ ਹੀ ਲਾਈਸੈਂਸ ਨੂੰ ਰਾਜ ਦੀਆਂ ਸਾਰੀਆਂ ਮੰਡੀਆਂ ਲਈ ਪ੍ਰਵਾਨਗੀ ਦਿੱਤੀ ਜਾਵੇ। ਫਲ, ਸਬਜ਼ੀਆਂ ਆਦਿ ਜੋ ਜਲਦੀ ਖਰਾਬ ਹੋ ਜਾਂਦੇ ਹਨ, ਨੂੰ ਮੰਡੀ ਤੋਂ ਬਾਹਰ ਹੀ ਖਰੀਦਣ ਵੇਚਣ ਦੀ ਇਜਾਜ਼ਤ ਦਿੱਤੀ ਜਾਵੇ। ਸਵਾਲ ਹੈ-ਜੇ ਏ ਪੀ ਐੱਮ ਸੀ ਮੰਡੀਆਂ ਦੀ ਹੋਂਦ ਨਹੀਂ ਰਹਿੰਦੀ, ਵਪਾਰੀ ਖਰੀਦ ਕਰਨ ਲਈ ਨਹੀਂ ਪਹੁੰਚਦਾ ਜਾਂ ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਮੰਗਦਾ ਤੇ ਵਪਾਰੀ ਨਹੀਂ ਦਿੰਦਾ ਤਾਂ ਅਜਿਹੀਆਂ ਹਾਲਤਾਂ ਵਿਚ ਕਿਸਾਨ ਦੀ ਫਸਲ ਦਾ ਕੀ ਬਣੇਗਾ ?

ਦੂਜੇ ਕਾਨੂੰਨ 'ਕਿਸਾਨ (ਸਸ਼ਕਤੀਕਰਨ ਤੇ ਸੁਰੱਖਿਆ ਮੁੱਲ ਭਰੋਸਾ) ਅਤੇ ਖੇਤੀ ਸੇਵਾਵਾਂ ਸਮਝੌਤਾ ਐਕਟ-2020' ਜਿਸ ਤਹਿਤ ਠੇਕਾ ਖੇਤੀ ਨੂੰ ਉਤਸ਼ਾਹਿਤ ਕਰਨਾ, ਕਿਸਾਨ ਤੇ ਖਰੀਦਦਾਰ ਵਿਚਕਾਰ ਸਪਾਂਸਟ ਰਾਹੀਂ ਸਮਝੌਤਾ, ਤੀਜੀ ਧਿਰ ਵੱਲੋਂ ਕੁਆਲਟੀ ਚੈੱਕ ਅਤੇ ਰਾਜਾਂ ਦੇ ਆਪਣੇ ਲਾਗੂ ਕੀਤੇ ਜਾ ਰਹੇ ਹੋਰ ਐਕਟਾਂ ਤੋਂ ਮੁਕਤੀ ਦਾ ਪ੍ਰਬੰਧ ਕੀਤਾ ਗਿਆ ਸੀ। ਇਉਂ ਠੇਕਾ ਖੇਤੀ ਰਾਹੀਂ ਤੀਜੀ ਧਿਰ ਵਿਚੋਲਗੀ ਵਧਣੀ ਸੀ; ਛੋਟੀ ਤੇ ਦਰਮਿਆਨੀ ਕਿਸਾਨੀ ਦਾ ਖਾਤਮਾ ਅਤੇ ਖੇਤੀ ਖੇਤਰ ਵਿੱਚੋਂ ਨਿਕਲਣ ਵਾਲੇ ਕਾਮਿਆਂ ਦੀ ਗਿਣਤੀ ਵਿਚ ਵਧੇ ਕਾਰਨ ਅਫਰਾ-ਤਫਰੀ ਵਾਲਾ ਮਾਹੌਲ ਬਣਨ ਦੇ ਖਦਸ਼ੇ ਸਨ। ਮੰਡੀਕਰਨ ਨੀਤੀ ਖਰੜੇ ਦੇ ਨੁਕਤਾ 10.1.1 ਤਹਿਤ ਠੇਕਾ ਖੇਤੀ ਨੂੰ ਮੰਡੀ ਵਿਚ ਕੀਮਤਾਂ ਦੇ ਉਤਰਾਅ-ਚੜ੍ਹਾਅ ਦੇ ਜੋਖਿਮ ਘਟਾਉਣ ਦੀ ਦਲੀਲ ਦੇ ਕੇ ਔਜ਼ਾਰ ਵਜੋਂ ਪੇਸ਼ ਕੀਤਾ ਗਿਆ ਹੈ। ਖਰੀਦਦਾਰ ਲਈ ਪੈਦਾਵਾਰ ਦੀਆਂ ਅਨੁਕੂਲ ਕੀਮਤਾਂ ਅਤੇ ਕਿਸਾਨਾਂ ਲਈ ਯਕੀਨੀ ਮੰਡੀ ਲਈ ਪਹਿਲਾਂ ਮੁਕਰਰ ਮੁੱਲ ਉੱਤੇ ਖਰੀਦ ਨੂੰ ਮੰਡੀ ਫੀਸ ਤੋਂ ਮੋਹਲਤ ਦੇਣ ਦਾ ਵੀ ਸੁਝਾਅ ਏ ਪੀ ਐੱਮ ਸੀ ਐਕਟ-2003 ਤਹਿਤ ਮੰਡੀ ਫੀਸ ਤੋਂ ਰਾਹਤ ਦਿੱਤੀ ਗਈ ਹੈ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਵਿਚ ਠੇਕਾ ਖੇਤੀ ਮਾਡਲ ਪਹਿਲਾਂ ਹੀ ਫੇਲ੍ਹ ਹੋ ਚੁੱਕਿਆ ਹੈ।

ਤੀਜੇ ਕਾਨੂੰਨ 'ਜ਼ਰੂਰੀ ਵਸਤਾਂ (ਸੋਧ) ਐਕਟ-2020' ਤਹਿਤ ਆਸਾਧਾਰਨ ਹਾਲਤਾਂ ਜਿਵੇਂ ਯੁੱਧ, ਅਕਾਲ ਕੁਦਰਤੀ ਆਫਤ ਜਾਂ ਆਸਾਧਾਰਨ ਮਹਿੰਗਾਈ ਦੌਰਾਨ ਹੀ ਕੇਂਦਰ ਵੱਲੋਂ ਅਨਾਜ, ਦਾਲਾਂ, ਆਲੂ, ਪਿਆਜ਼, ਖਾਣ ਯੋਗ ਤੇਲ ਬੀਜ ਅਤੇ ਤੇਲ ਦੀ ਸਪਲਾਈ ਨਿਯਮਤ ਕਰ ਸਕਣ ਦੀ ਵਿਵਸਥਾ ਕੀਤੀ ਗਈ ਸੀ। ਇਸ ਨਾਲ ਪ੍ਰਾਈਵੇਟ ਕਾਰੋਬਾਰੀਆਂ ਨੂੰ ਇਨ੍ਹਾਂ ਵਸਤਾਂ ਦੀ ਜ਼ਖੀਰੇਬਾਜ਼ੀ ਦੀ ਖੁੱਲ੍ਹ ਮਿਲਣੀ ਸੀ; ਇਉਂ ਆਮ ਵਰਗ ਦੀ ਲੁੱਟ ਹੋਣੀ ਸੀ।

ਇਹ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਹੁਣ ਲੁਕਵੇਂ ਰੂਪ ਵਿਚ ਸੁਧਾਰਵਾਦੀ ਦਿੱਖ ਹੇਠ ਲਿਆਂਦਾ ਜਾ ਰਿਹਾ ਹੈ ਬਲਕਿ ਇਸ ਦੀ ਜੀ ਐੱਸ ਟੀ ਕਾਨੂੰਨ ਦੀ ਤਰਜ਼ 'ਤੇ ਰਾਜਾਂ ਦੇ ਖੇਤੀ ਮੰਤਰੀਆਂ ਰਾਹੀਂ ਲਾਗੂ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਪੰਜਾਬ ਦੇ ਮੰਡੀਕਰਨ ਨੂੰ ਹੋਰ ਬਿਹਤਰ ਬਣਾਉਣ, ਕੁਦਰਤੀ ਵਸੀਲਿਆਂ ਦੀ ਸੰਜਮ ਨਾਲ ਵਰਤੋਂ ਅਤੇ ਲਾਹੇਵੰਦ ਖੇਤੀ ਦੀ ਵਿਉਂਤਬੰਦੀ ਲਈ ਡਾ. ਸੁਖਪਾਲ ਸਿੰਘ (ਚੇਅਰਮੈਨ, ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ) ਦੀ ਰਹਿਨੁਮਾਈ ਹੇਠ ਬਣਾਈ ਟੀਮ ਦੀ ਤਿਆਰ ਕੀਤੀ ਖੇਤੀ ਨੀਤੀ ਨੂੰ ਲਾਗੂ ਕਰਨਾ ਸਮੇਂ ਦੀ ਲੋੜ ਹੈ।

# ਕਣਕ ਦੀ ਫਸਲ ਲਈ ਵਰਦਾਨ ਬਣ ਕੇ ਵਰ੍ਹਿਆ ਮੀਂਹ, ਸਪਰੇਅ ਤੋਂ ਮਿਲਿਆ ਛੁਟਕਾਰਾ

## ਪਟਿਆਲਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਕਈ ਥਾਵਾਂ ’ਤੇ ਗੜੇਮਾਰੀ ਕਾਰਨ ਫ਼ਸਲ ਨੂੰ ਨੁਕਸਾਨ

ਪੰਜਾਬ ਦੇ ਖੇਤਾਂ ‘ਚ ਜਵਾਨ ਹੋ ਰਹੀ ਕਣਕ ਦੀ ਫਸਲ ਲਈ ਪਿਛਲੇ ਦਿਨੀਂ ਪਿਆ ਮੀਂਹ ਵਰਦਾਨ ਸਾਬਿਤ ਹੋਇਆ। ਇਸ ਨਾਲ ਕਿਸਾਨਾਂ ਦੇ ਚਿਹਰਿਆਂ ‘ਤੇ ਮੁਸਕਰਾਹਟ ਆ ਗਈ ਹੈ, ਕਿਉਂਕਿ ਕਣਕ ਦੀ ਫਸਲ ਲਈ ਲਗਾਤਾਰ ਇਸੇ ਰੂਪ ‘ਚ ਮੀਂਹ ਪੈਣਾ ਜ਼ਰੂਰੀ ਸੀ। ਪਟਿਆਲਾ



ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਕਈ ਥਾਵਾਂ ’ਤੇ ਭਾਰੀ ਮੀਂਹ ਅਤੇ ਗੜ੍ਹੇਮਾਰੀ ਕਾਰਨ ਫ਼ਸਲ ਨੂੰ ਨੁਕਸਾਨ ਪੁੱਜਾ ਹੈ।

ਖੇਤੀ ਮਾਹਿਰਾਂ ਅਨੁਸਾਰ ਪਿਛਲੇ ਦਿਨਾਂ ਤੋਂ ਸੂਰਜ ਦੀ ਵਧੀ ਤਪਸ਼ ਦੇ ਕਾਰਨ ਵਾਤਾਵਰਨ ‘ਚ ਆਈ ਗਰਮਾਹਟ ਨੇ ਪੰਜਾਬ ਦੀ ਕਿਸਾਨਾਂ ਲਈ ਨਵੇਂ ਸੰਕਟ ਪੈਦਾ ਹੋਣ ਦੇ ਸੰਕੇਤ ਦੇ ਦਿੱਤੇ ਸਨ। ਪੀ. ਏ. ਯੂ. ਲੁਧਿਆਣਾ ਵੱਲੋਂ ਵੀ ਸਿਫਾਰਿਸ਼ ਕਰ ਦਿੱਤੀ ਗਈ ਸੀ ਕਿ ਜੇਕਰ ਗਰਮੀ ਇਸੇ ਤਰ੍ਹਾਂ ਤੇਜ਼ੀ ਨਾਲ ਵਧੀ ਕਣਕ ਦੀ ਫਸਲ ਲਈ ਘਾਤਕ ਸਿੱਧ ਹੋਵੇਗੀ, ਕਿਉਂਕਿ ਮੌਸਮ ‘ਚ ਇਕਦਮ ਆਈ ਤਬਦੀਲੀ ਅਤੇ ਗਰਮੀ ਨਾਲ ਨਵੀਆਂ ਬਿਮਾਰੀਆਂ ਪੈਦਾ ਹੋ ਸਕਦੀਆਂ ਹਨ। ਇਸ ਲਈ ਯੂਨੀਵਰਸਿਟੀ ਵੱਲੋਂ ਸਲਾਹ ਦਿੱਤੀ ਗਈ ਸੀ ਕਿ ਪੋਟਾਸ਼ੀਅਮ ਨਾਈਟ੍ਰੇਟ ਦੀ ਘਾਟ ਪੂਰੀ ਕਰਨ ਲਈ 13045 ਦਵਾਈ ਦੀ ਸਪ੍ਰੇਅ ਜ਼ਰੂਰ ਕੀਤੀ ਜਾਵੇ ਪਰ ਹੁਣ ਮੀਂਹ ਨੇ ਮੌਸਮ ਨੂੰ ਦੁਬਾਰਾ ਕਰਵਟ ਦਿੱਤੀ ਹੈ ਤੇ ਕਣਕ ਦੀ ਫਸਲ ਨੂੰ ਗਰਮੀ ਤੋਂ ਰਾਹਤ ਅਤੇ ਠੰਢਕ ਪ੍ਰਾਪਤ ਹੋਈ ਹੈ ਅਜਿਹਾ ਹੋਣ ਨਾਲ ਜਿੱਥੇ ਕਿਸਾਨਾਂ ਨੂੰ ਫਸਲ ‘ਚੋਂ ਝਾੜ ਵੱਧ ਹੋਣ ਦੀ ਆਸ ਬੱਝੀ ਹੈ। ਉੱਥੇ ਨਾਲ ਹੀ ਸਪਰੇਅ ਕਰਨ ਦੇ ਝੰਜਟ ਤੋਂ ਵੀ ਛੁਟਕਾਰਾ ਮਿਲਿਆ ਹੈ। ਮਾਹਰ ਦੱਸਦੇ ਹਨ ਕਿ ਇਸ ਮੀਂਹ ਕਾਰਨ ਹੁਣ ਫਸਲ ਲਈ ਘਾਤਕ ਮੰਨੇ ਜਾਣ ਵਾਲੇ ਕੀੜਿਆਂ ਦਾ ਪ੍ਰਭਾਵ ਵੀ ਘਟੇਗਾ। ਇਸ ਲਈ ਤੇਲੇ ਤੋਂ ਅਗੇਤੇ ਛਿੜਕਾਅ ਦੀ ਵੀ ਹੁਣ ਜ਼ਰੂਰਤ ਨਹੀਂ ਬਚੀ। ਜੇਕਰ ਇਸ ਮੀਂਹ ਦੇ ਬਾਵਜੂਦ ਵੀ ਸਪਰੇਅ ਕੀਤੀ ਜਾਂਦੀ ਹੈ ਤਾਂ ਇਸ ਦਾ ਮਾੜਾ ਅਸਰ ਫਸਲ ਦੇ ਮਿੱਤਰ ਕੀੜਿਆਂ ‘ਤੇ ਵੀ ਪਵੇਗਾ।

### ਫਾਇਦਾ.... ਫਸਲ ਦਾ ਝਾੜ ਵਧਣ ਨਾਲ ਖਰਚ ’ਚ ਹੋਵੇਗੀ ਕਟੌਤੀ

ਮੀਂਹ ਨਾਲ ਜਿੱਥੇ ਕਣਕਾਂ ਦੀ ਫਸਲ ਦਾ ਝਾੜ ਵਧਣ ਦੀ ਉਮੀਦ ਕੀਤੀ ਜਾ ਰਹੀ ਹੈ। ਉੱਥੇ ਹੀ ਕਿਸਾਨਾਂ ਦੇ ਖਰਚੇ ‘ਚ ਵੀ ਕਟੌਤੀ ਹੋਵੇਗੀ। ਜਾਣਕਾਰੀ ਮੁਤਾਬਕ ਜੇ ਮੀਂਹ ਨਾ ਪੈਂਦਾ ਤਾਂ ਫਸਲ ‘ਚੋਂ ਗਰਮੀ ਦਾ ਅਸਰ ਘਟਾਉਣ ਲਈ ਕੀਤੀ ਜਾਣ ਵਾਲੀ ਸਪਰੇਅ ਉੱਪਰ ਪ੍ਰਤੀ ਏਕੜ 800 ਰੁਪਏ ਖਰਚ ਆਉਣਾ ਸੀ। ਜੇ ਇਕੱਲੇ ਜ਼ਿਲ੍ਹਾ ਲੁਧਿਆਣਾ ਦੀ ਗੱਲ ਕਰੀਏ ਤਾਂ 2 ਲੱਖ 43 ਹਜ਼ਾਰ ਹੈਕਟੇਅਰ ਕਣਕ ਬੀਜੀ ਗਈ ਹੈ। ਇਸ ਦੇ ਹਿਸਾਬ ਨਾਲ 48 ਕਰੋੜ 60 ਲੱਖ ਦੇ ਕਰੀਬ ਸਪਰੇਅ ਤੇ ਲੇਬਰ ਉਪਰ ਆਉਣ ਵਾਲੇ ਖਰਚੇ ਤੋਂ ਕਿਸਾਨੀ ਨੂੰ ਮੁਕਤੀ ਮਿਲੀ ਹੈ।

## ਕਦੇ ਵੀ ਹੋ ਸਕਦੈ ਪੀਲੀ ਕੁੰਗੀ ਦਾ ਹਮਲਾ : ਖੇਤੀਬਾੜੀ ਅਫਸਰ

ਖੇਤੀਬਾੜੀ ਅਫਸਰ ਸੰਦੀਪ ਸਿੰਘ ਨੇ ਕਿਹਾ ਕਿ ਗਰਮੀ ਵਾਲੇ ਮੌਸਮ ਤੋਂ ਬਾਅਦ ਦੁਬਾਰਾ ਵਰ੍ਹੇ ਮੀਂਹ ਨੇ ਭਾਵੇਂ ਮੌਸਮ ਨੂੰ ਕਣਕ ਦੀ ਫਸਲ ਦੇ ਅਨੁਕੂਲ ਕਰ ਦਿੱਤਾ ਹੈ ਪਰ ਇੱਥੇ ਕਿਸਾਨਾਂ ਨੂੰ ਖੁਸ਼ ਹੋਣ ਦੇ ਨਾਲ-ਨਾਲ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਆਉਣ ਵਾਲੇ ਸਮੇਂ ‘ਚ ਕਦੇ ਵੀ ਪੀਲੀ ਕੁੰਗੀ ਦਾ ਹਮਲਾ ਹੋ ਸਕਦਾ ਹੈ। ਜਦੋਂ ਨਮੀਂ ਵਧਦੀ ਹੈ ਤਾਂ ਨੀਮ ਪਹਾੜੀ ਵਾਲੇ ਪਾਸਿਉਂ ਹਵਾ ‘ਚ ਕਣ ਮੈਦਾਨੀ ਇਲਾਕੇ ਵੱਲ ਆਉਂਦੇ ਹਨ। ਇਸ ਲਈ ਕਿਸਾਨ ਖੇਤ ਗੇੜਾ ਜ਼ਰੂਰ ਰੱਖਣ ਅਤੇ ਧਿਆਨ ਰੱਖਣ ਜੇਕਰ ਕਣਕ ਦੇ ਪੱਤਿਆਂ ‘ਤੇ ਹਲਦੀ ਨੁਮਾ ਧੂੜਾ ਲੱਗੇ ਤਾਂ ਉਹ ਪੀਲੀ ਕੁੰਗੀ ਹੋ ਸਕਦੀ ਹੈ। ਅਜਿਹਾ ਹੋਣ ‘ਤੇ ਖੇਤੀਬਾੜੀ ਅਫਸਰਾਂ ਦੀ ਸਲਾਹ ਪ੍ਰਾਪਤ ਕੀਤੀ ਜਾਵੇ ਤਾਂ ਜੋ ਪੀਲੀ ਕੁੰਗੀ ਨੂੰ ਤੁਰੰਤ ਰੋਕਿਆ ਜਾਵੇ।

# ਘਰੇਲੂ ਬਗੀਚੀ ਵਿਚ ਗਰਮੀਆਂ ਦੀਆਂ ਸਬਜ਼ੀਆਂ ਦੀ ਸਫਲ ਕਾਸ਼ਤ

ਇਕ ਸੰਤੁਲਿਤ ਖੁਰਾਕ ਵਿਚ ਪ੍ਰਤੀ ਦਿਨ 300 ਗ੍ਰਾਮ ਤਾਜ਼ੀਆਂ ਸਬਜ਼ੀਆਂ ਹੋਣੀਆਂ ਚਾਹੀਦੀਆਂ ਹਨ। ਇਹ ਸਬਜ਼ੀਆਂ ਵਿਟਾਮਿਨ, ਖਣਿਜ ਅਤੇ ਕੁਦਰਤੀ ਰੇਸ਼ੇ ਦਾ ਇਕ ਵਧੀਆਂ ਸਰੋਤ ਹਨ। ਇਸ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਘਰੇਲੂ ਬਗੀਚੀ ਲਈ 6×6 ਰਾਹੀਂ ਵਰਗ ਮੀਟਰ ਦਾ ਮਾਡਲ ਵਿਕਸਿਤ ਕੀਤਾ ਗਿਆ ਹੈ। ਇਸ ਮਾਡਲ ਵਿਚ ਦੱਸਿਆ ਗਿਆ ਹੈ ਕਿ ਬੈੱਡਾਂ ਦੀ ਚੌੜਾਈ 1 ਮੀਟਰ ਅਤੇ ਖਾਲੀ ਦੀ ਚੌੜਾਈ 0.25 ਮੀਟਰ ਰੱਖਣੀ ਚਾਹੀਦੀ ਹੈ। ਬੈੱਡ ਦੀ ਲੰਬਾਈ ਫਸਲ ਦੀ ਲੋੜ ਅਨੁਸਾਰ ਘਟਾਈ ਜਾਂ ਵਧਾਈ ਜਾ ਸਕਦੀ



ਹੈ। ਇਸ ਮਾਡਲ ਤਹਿਤ ਸਾਲ ਭਰ ਵਿਚ 27 ਵੱਖ-ਵੱਖ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ ਜਿਨ੍ਹਾਂ ਦੀ ਮਾਤਰਾ 300 ਕਿਲੋ ਤੱਕ ਹੋ ਸਕਦੀ ਹੈ।

**ਜਗ੍ਹਾ ਦੀ ਚੋਣ** : ਘਰ ਬਗੀਚੀ ਨੂੰ ਘਰ ਦੇ ਦੱਖਣ ਵਾਲੇ ਪਾਸੇ ਲਾਉਣਾ ਚਾਹੀਦਾ ਹੈ। ਤਾਂ ਜੋ ਸਾਰਾ ਦਿਨ ਪੌਦਿਆਂ ਨੂੰ ਧੁੱਪ ਮਿਲ ਸਕੇ। ਆਲੇ-ਦੁਆਲੇ ਕੋਈ ਦਰਖਤ ਨਹੀਂ ਹੋਣੇ ਚਾਹੀਦੇ ਅਤੇ ਪਾਣੀ ਨੇੜੇ ਹੋਣਾ ਚਾਹੀਦਾ ਹੈ।

ਫਰਵਰੀ-ਮਾਰਚ ਵਿਚ ਗਰਮੀਆਂ ਦੀਆਂ ਸਾਰੀਆਂ ਸਬਜ਼ੀਆਂ ਜਿਵੇਂ ਕਿ ਵੇਲਾਂ ਵਾਲੀਆਂ ਸਬਜ਼ੀਆਂ, ਤਰਬੂਜ਼, ਖਰਬੂਜਾ, ਹਲਵਾ ਕੱਦੂ, ਘੀਆ ਕੱਦੂ, ਕਾਲੀ ਤੋਰੀ, ਕਰੇਲਾ ਭਿੰਡੀ, ਟਮਾਟਰ, ਮਿਰਚ, ਬੈਂਗਣ, ਲੋਬੀਆ ਆਦਿ ਦੀ ਬਿਜਾਈ ਅਤੇ ਲਵਾਈ ਕੀਤੀ ਜਾਂਦੀ ਹੈ। ਗਰਮੀਆਂ ਦੀਆਂ ਸਬਜ਼ੀਆਂ ਦੇ ਬੀਜ ਨੂੰ ਉੱਗਣ ਲਈ 15-25 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਹੁੰਦੀ ਹੈ। ਸੁਧਰੇ ਬੀਜ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਘਰੇਲੂ ਬਗੀਚੀ ਲਈ ਸਿਫਾਰਿਸ਼ ਕੀਤੇ ਬੀਜਾਂ ਦੀ ਕਿੱਟ ਖਰੀਦੀ ਜਾ ਸਕਦੀ ਹੈ ਜਿਸ ਦੀ ਕੀਮਤ 100 ਰੁਪਏ ਹੈ।

**ਰੂਮਾ ਦੇਵੀ ਅਤੇ ਬਲਵੀਰ ਕੌਰ, ਸਬਜ਼ੀ ਵਿਗਿਆਨ ਵਿਭਾਗ,**
**ਪੀ. ਏ. ਯੂ., ਲੁਧਿਆਣਾ (ਮੋ. 98783-99555)**

## ਇੰਨੀਆਂ ਵੱਡੀਆਂ ਮੂਲੀਆਂ



ਜੰਮੂ ਵਿੱਚ ਆਪਣੇ ਖੇਤ ਵਿੱਚ ਉਗਾਈਆਂ ਗਈਆਂ ਵਿਸ਼ਾਲ ਆਕਾਰ ਦੀਆਂ ਮੂਲੀਆਂ ਦਿਖਾਉਂਦਾ ਹੋਇਆ ਕਿਸਾਨ ਅਸ਼ੋਕ ਕੁਮਾਰ। ਕਿਸਾਨ ਨੇ 8 ਕਿਲੋ ਮੂਲੀ ਅਤੇ 5 ਕਿਲੋ ਦੇ ਸ਼ਲਗਮ ਤੋਂ ਇਲਾਵਾ ਹੋਰ ਵੀ ਕਈ ਸਬਜ਼ੀਆਂ ਤਿਆਰ ਕੀਤੀਆ ਹਨ।




ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ ’ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ ’ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com